
ਲਹੂ ਦੀਆਂ ਲਾਟਾਂ

ਚਰਨ ਸਿੰਘ ਸ.ਫਰੀ



Lahu Dian Latan
by Charan Singh Safri

ਏਸੇ ਕਲਮ ਤੋਂ :

- *ਸਿੱਖੀ ਦੀਆਂ ਵਾਟਾਂ*
- *ਅੰਮ੍ਰਿਤ ਭਿੱਜੇ ਬੋਲ*
- *ਗੁਰੂ ਰਵਿਦਾਸ ਮਹਿਮਾ*
- *ਤਕਲੇ ਦੇ ਵਲ ਕੱਢ ਲੈ*
- *ਪੰਜਾ ਗੁਰਾਂ ਨੇ ਪਹਾੜ ਵਿਚ ਲਾਇਆ*
- *ਰੱਬ ਝੁਗੀਆਂ ਵਿਚ ਆਇਆ*
- *ਤੇਗ ਦੀ ਧਾਰ ਉੱਤੇ ਨੱਚ ਓ ਖ਼ਾਲਸਾ*
- *ਨੌਂਵੇਂ ਗੁਰੂ ਜਦ ਕਤਲਗਾਹ ਵਿਚ ਆਏ*

Published by :
New Book Co., Mai Hiran Gate, Jalandhar. Ph. 0181-2280045, 2284325
E-mail : newbookco@hotmail.com

ISBN 81-87476-21-4

ਪਹਿਲੀ ਵਾਰ : 1995, ਦੂਜੀ ਵਾਰ : 2003

ਮੁੱਲ : 75 ਰੁਪਏ

ਪ੍ਰਕਾਸ਼ਕ : ਮਹਿਤਾਬ ਸਿੰਘ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ
ਫ਼ੋਨ : (S) 0181-2280045, 2284325 (R) 2234081

ਛਾਪਕ : ਸਹਿਗਲ ਪ੍ਰਿੰਟਰਜ਼, ਨੇੜੇ ਦੁਆਬਾ ਚੌਂਕ, ਜਲੰਧਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ।

2

ਕਵਿਤਾਵਾਂ

ਗੀਤ

ਕੁਝ ਮੇਰੀ ਵਲੋਂ

ਪੰਜਾਬੀ ਕਾਵਿ ਕਲਾ ਦੇ ਸੂਝਵਾਨ ਪ੍ਰੇਮੀਓ, 'ਲਹੂ ਦੀਆ ਲਾਟਾਂ' ਇਹ ਮੇਰਾ ਅੱਠਵਾਂ ਪੰਜਾਬੀ ਕਵਿਤਾਵਾਂ ਦਾ ਸਾਗਰ ਹੈ। ਜੋ ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ ਨੇ ਛਾਪਣ ਦਾ ਸਫ਼ਲ ਉਪਰਾਲਾ ਕੀਤਾ ਹੈ।

ਕਵੀ ਕਿਵੇਂ ਬਣਦਾ ਹੈ ਜਦੋਂ ਕਿਸੇ ਮਾਸੂਮ ਤੇ ਨਿਰਦੋਸ਼ ਹਿਰਦੇ ਨੂੰ ਕੋਈ ਕਰੜੀ ਬਜ਼ਰ ਵਰਗੀ ਚੋਟ ਵੱਜਦੀ ਹੈ। ਚੋਟ ਵਿਛੋੜੇ ਦੀ, ਅਨਿਆਂ ਦੀ, ਪਿਆਰ ਦੀ, ਉਹ ਚੋਟ ਹੀ ਹੌਕਿਆਂ, ਹਾਵਿਆਂ, ਅੱਥਰੂਆਂ ਤੇ ਚੀਸਾਂ ਦਾ ਰੂਪ ਧਾਰਨ ਕਰ ਜਾਂਦੀ ਹੈ।

ਗ਼ਮਾਂ ਤੇ ਦਰਦਾਂ ਦੀ ਭੜਾਸ ਅੱਖੀਆਂ ਦੇ ਸੱਤੇ ਪਰਦੇ ਚੀਰ ਕੇ ਹੰਝੂਆਂ ਦੇ ਰੂਪ ਵਿੱਚ ਅੱਖਾਂ ਥਾਣੀਂ ਬਾਹਰ ਆਉਣ ਦਾ ਯਤਨ ਕਰਦੀ ਹੈ। ਕੁਝ ਕੁ ਨਿਕਲ ਵੀ ਜਾਂਦੀ ਹੈ, ਕੁਝ ਕੁ ਇਹ ਧੁੱਖਦਾ ਧੂੰਆਂ ਕਦੇ ਅੱਗ ਦਾ ਰੂਪ ਵੀ ਧਾਰਨ ਕਰ ਜਾਂਦਾ ਹੈ। ਇਸ ਦੀ ਕੋਈ ਵੀ ਲੰਬ ਜਜ਼ਬਿਆਂ ਦੇ ਰੂਪ ਵਿਚ ਜਦੋਂ ਵੀ ਬਾਹਰ ਨਿਕਲਦੀ ਹੈ ਉਸ ਨੂੰ ਦਰਕੀਲੀ ਤੇ ਮੌਲਿਕ ਕਵਿਤਾ ਆਖਿਆ ਜਾਂਦਾ ਹੈ।

ਜਿਸ ਕਵੀ ਨੇ ਕਦੇ ਕਿਸੇ ਦੂਸਰੇ ਦੇ ਦੁਖਾਂਤ ਵਲ ਝਾਕਿਆ ਤੱਕ ਨਹੀਂ, ਦੂਸਰੇ ਦੀ ਪੀੜ ਨੂੰ ਅਨੁਭਵ ਨਹੀਂ ਕੀਤਾ, ਦੂਸਰੇ ਦੇ ਘਰ ਲੱਗੀ ਅੱਗ ਨੂੰ ਬਸੰਤਰ ਸਮਝਿਆ ਉਸ ਕਵੀ ਦੀ ਕਵਿਤਾ ਵਿਚ ਸੋਜ਼ ਕਿਥੇ ਤੇ ਦਰਦ ਕਿਥੇ।

ਜਿਸ ਕਵੀ ਦੀ ਕਵਿਤਾ ਵਿਚ ਜਾਨ ਹੋਵੇ ਤਾਂ ਲੱਖਾਂ ਸਰੋਤੇ ਇਕੋ ਹੀ ਚੁਮਿਸਰਾ ਸੁਣਕੇ ਬੰਗਾਲੇ ਦੀ ਵੱਜਦੀ ਬੀਨ ਅਗੇ ਬੈਠੇ ਸੱਪ ਵਾਂਗੂੰ ਝੂਮ ਉੱਠਦੇ ਹਨ। ਕਵਿਤਾ ਤਖ਼ਈਅਲ ਤੇ ਵਲਵਲਿਆਂ ਦਾ ਨਾਮ ਹੈ। ਕਵਿਤਾ ਹਾਹਾ ਹਾਹਾ, ਹਾਹਾ, ਹੀਹ, ਹੀਹ, ਹੀਹ, ਹੂਹ, ਹੂਹ, ਹੂਹ ਦਾ ਨਾਮ ਨਹੀਂ। ਦਿੱਲੀ ਦੇ ਇਕ ਸਿਰਮੋਰ ਕਵੀ ਸ੍ਰੀ ਮਾਨ ਪ੍ਰੀਤਮ ਸਿੰਘ "ਕਾਸ਼ਦ" ਜਦੋਂ ਆਪਣੀ ਵਲਵਲਾ ਅੰਗੇਜ਼ ਕਵਿਤਾ ਪੂਰੇ ਜੋਸ਼ ਵਿਚ ਆ ਕੇ ਬੋਲਦੇ ਹਨ ਗੱਭਰੂ ਮੁੰਡਿਆਂ ਦੀ ਗੱਲ ਤਾਂ ਇਕ ਪਾਸੇ ਬਿਰਧ ਬੰਦਿਆਂ ਦੇ ਵੀ ਡੌਲੇ ਫਰਕ ਉਠਦੇ ਹਨ। ਕਾਸ਼ਦ ਜੀ ਦਾ ਜੋਸ਼ ਵਿਚ ਆ ਕੇ ਕਵਿਤਾ ਕਹਿਣਾ ਬਹੁਤ ਹੀ ਫਬਦਾ ਹੈ ਕਿਉਂਕਿ ਉਨ੍ਹਾਂ ਦੀ ਕਵਿਤਾ ਵਿਚ ਜੋਸ਼ ਤੇ ਵਲਵਲਾ ਹੁੰਦਾ ਹੈ।

ਕੁਝ ਅੱਥੜ ਕਵੀ ਇੰਨਾ ਕਿੱਲ੍ਹ ਕੇ ਬੋਲਦੇ ਹਨ ਜਿਵੇਂ ਅੱਗੇ ਰੱਖੇ ਮਾਈਕ ਨੂੰ ਫੂਸੜੇ ਫੂਸੜੇ ਕਰ ਦੇਣਾ ਹੋਵੇ। ਕਵਿਤਾ ਵਿਚ ਜਾਨ ਨਹੀਂ ਹੁੰਦੀ ਉਹਨਾਂ ਦਾ ਕਿੱਲ੍ਹਣਾ ਤੇ ਉੱਚੀ ਬੋਲਣਾ ਬਿਲਕੁਲ ਹੀ ਨਹੀਂ ਫਬਦਾ।

ਕਵਿਤਾ ਵਰਗਾ ਕੋਮਲ ਗੁਮ ਇਕ ਇਲਾਹੀ ਦਾਤ ਹੈ ਜੋ ਕਿਸੇ ਵਿਰਲੇ ਦੀ ਹੀ ਹਿੱਸੇ ਆਉਂਦੀ ਹੈ।

ਇਕ ਭਲਾ ਪੁਰਸ਼ ਇਕ ਸਮੇਂ ਮੈਨੂੰ ਆਖਣ ਲੱਗਾ 'ਸਫ਼ਰੀ' ਜੇ ਤੂੰ ਧਾਰਮਿਕ ਕਵਿਤਾਵਾਂ ਦਾ ਖਹਿੜਾ ਛੱਡ ਕੇ ਰਾਜਨੀਤੀ ਵਿਚ ਪੈ ਜਾਂਦਾ ਤਾਂ ਅੱਜ ਨੂੰ ਵਜ਼ੀਰ ਹੁੰਦਾ। ਉੱਤਰ ਵਿਚ ਮੈਂ ਉਸ ਨੂੰ ਕਿਹਾ ਭਾਈ ਨੱਥੂ ਰਾਮਾ, ਇਕ ਛੋਟਾ ਜਿਹਾ ਇਲਾਕਾ ਵੋਟਾਂ ਪਾ ਦੇਵੇ ਤਾਂ ਸਭਾ ਦਾ ਮੈਂਬਰ ਬਣ ਜਾਂਦਾ ਹੈ। ਜੇ ਪੰਜ ਸੱਤ ਮੈਂਬਰ ਵੋਟਾਂ ਪਾ ਦੇਣ ਤਾਂ ਬੰਦਾ ਵਜ਼ੀਰ ਬਣ ਜਾਂਦਾ ਹੈ। ਭਾਈ ਨੱਥੂ ਰਾਮਾ ਸਾਰਾ ਹਿੰਦੁਸਤਾਨ ਵੀ ਰਲਕੇ ਵੋਟਾਂ ਪਾ ਦੇਵੇ ਤਾਂ ਬੰਦਾ ਕਵੀ ਨਹੀਂ ਬਣ ਸਕਦਾ। ਕਵੀ ਉਹ ਹੀ ਬਣ ਸਕਦਾ ਹੈ ਜਿਹਦੇ ਸਿਰ ਤੇ ਸਰਬੰਸ ਦਾਨੀ ਕਵਿਤਾ ਦੇ ਸਮੁੰਦਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਫਕਤ ਭਰਿਆ ਹੱਥ ਹੋਵੇ।

ਮੇਰੇ ਉਸਤਾਦ ਪੂਜਿਆ ਬਲਦੇਵ ਚੰਦਰ ਬੇਕਲ ਜਿਨ੍ਹਾਂ 'ਨਾਨਕ ਨਾਮ ਜਹਾਜ਼' ਵਰਗੀਆਂ ਕਈ ਫਿਲਮਾਂ ਤੇ ਅਣਗਿਣਤ ਪੰਜਾਬੀ ਪੁਸਤਕਾਂ ਪੰਜਾਬੀ ਸਾਹਿਤ ਦੀ ਭੇਂਟ ਕਰਕੇ ਮਾਂ ਬੋਲੀ ਦੀ ਨਿੱਗਰ ਸੇਵਾ ਕੀਤੀ ਹੈ। ਆਖਿਆ ਕਰਦੇ ਸਨ ਕਵਿਤਾ ਵਰਗੀ ਵਡਮੁੱਲੀ ਦਾਤ ਦਾ ਕਦੇ ਘੁਮੰਡ ਨਹੀਂ ਕਰਨਾ ਚਾਹੀਦਾ। ਇਹ ਪਰਮੇਸ਼ਵਰ ਦਾ ਬਖਸ਼ਿਆ ਹੋਇਆ ਗੁਣ ਹੈ ਉਹ ਕਦੇ ਵੀ ਵਾਪਸ ਲੈ ਸਕਦਾ ਹੈ।

ਮੈਂ ਆਪਣੀਆਂ ਕਵਿਤਾਵਾਂ ਵਿੱਚ ਯੋਧਿਆਂ, ਸੂਰਬੀਰਾਂ ਤੇ ਦੇਸ਼ ਦੇ ਮਹਾਨ ਸ਼ਹੀਦਾਂ ਦੇ ਗੁਣ ਗਾਏ ਹਨ। ਸਮੁੱਚਾ ਸਿੱਖ ਜਗਤ ਤੇ ਹੋਰ ਅਨੇਕਾਂ ਸੰਸਥਾਵਾਂ ਨੇ ਮੈਨੂੰ ਸਨਮਾਨਿਤ ਕਰਕੇ ਮੇਰੀ ਹੌਸਲਾ ਅਫ਼ਜਾਈ ਕੀਤੀ ਹੈ। ਮੇਰੇ ਸਮਕਾਲੀ ਕਵੀ ਮੈਨੂੰ ਬਹੁਤ ਪਿਆਰ ਕਰਦੇ ਹਨ। ਮੇਰੇ ਚੰਗੇ ਸ਼ੇਅਰਾਂ ਦੀ ਦਾਦ ਵੀ ਦਿੰਦੇ ਹਨ। ਮਾਨਯੋਗ 'ਕਾਸ਼ਦ', ਨਿਰਵੈਰ, ਚਰਨ ਸਮਾਣਾ, ਦਮਨ ਹਰਿਗੋਬਿੰਦ ਪੁਰੀ, ਮਸ਼ਰੂਰ, ਪੂਰਨ ਸਿੰਘ 'ਜੋਸ਼', ਪੰਛੀ ਲੁਧਿਆਣਵੀ ਆਦਿਕ ਕਦੇ-ਕਦੇ ਸਟੇਜਾਂ ਤੇ ਮਿਲਦੇ ਰਹਿੰਦੇ ਹਨ। ਮੈਂ ਪੰਜਾਬ ਦੇ ਸਾਰੇ ਕਵੀਆਂ ਦਾ ਸਤਿਕਾਰ ਕਰਦਾ ਹਾਂ।

ਗੀਤ ਲਿਖਣੇ ਦੀ ਵਡਮੁੱਲੀ ਦਾਤ ਮੈਨੂੰ ਵਿਰਸੇ 'ਚ ਹੀ ਮਿਲੀ ਹੈ। ਮੇਰੇ ਉਸਤਾਦ ਬੇਕਲ ਜੀ ਪੰਜਾਬੀ ਗੀਤਾਂ ਦੇ ਪ੍ਰਸਿੱਧ ਲਿਖਾਰੀ ਸਨ। ਨੰਦ ਲਾਲ

ਨੂਰਪੁਰੀ ਤੇ ਜਨਾਬ ਬੇਕਲ ਸਾਹਿਬ ਦੇ ਲਿਖੇ ਗੀਤਾਂ ਦਾ ਮੇਰੇ ਗੀਤਾਂ ਤੇ ਖ਼ਾਸ ਪ੍ਰਭਾਵ ਹੈ। ਮੇਰੇ ਚੋਣਵੇਂ ਗੀਤਾਂ ਨੂੰ ਵਿਸ਼ੇਸ਼ ਕਰਕੇ ਭੈਣ ਨਰਿੰਦਰ ਬੀਬਾ, ਸਰੂਪ ਸਿੰਘ ਸਰੂਪ, ਊਸ਼ਾ ਰਾਣੀ, ਸੁਰਿੰਦਰ ਕੌਰ, ਹੰਸਰਾਜ ਹੰਸ, ਸੁਰਿੰਦਰ ਲਾਡੀ, ਅਸ਼ੋਕ ਸ਼ਰਮਾ, ਆਸਾ ਸਿੰਘ ਮਸਤਾਨਾ, ਸਾਹਿਬ ਸਿੰਘ, ਲਾਜ ਸਚਦੇਵਾ, ਤੇ ਸੁੰਮਨ ਆਨੰਦ ਨੇ ਬਹੁਤ ਖ਼ੂਬਸੂਰਤ ਧੁਨਾਂ ਦਿੱਤੀਆਂ ਹਨ।

ਮੇਰਾ ਸਭ ਤੋਂ ਪਹਿਲਾ ਗੀਤ "ਚੰਨ ਮਾਤਾ ਗੁਜਰੀ ਦਾ" ਐਚ. ਐਮ. ਵੀ. ਵਿਚ ਨਰਿੰਦਰ ਬੀਬਾ ਨੇ ਰੀਕਾਰਡ ਕਰਵਾ ਕੇ ਮੈਨੂੰ ਰਾਇਲਟੀ ਲੈਣ ਦੇ ਯੋਗ ਬਣਾਇਆ। ਅੱਜ ਮੈਨੂੰ ਇਹ ਪਤਾ ਨਹੀਂ ਕਿ ਮੇਰੇ ਕਿੰਨੇ ਗੀਤ ਰੀਕਾਰਡ ਹੋ ਚੁੱਕੇ ਹਨ। ਤੇ ਕਿੰਨੇ ਕੁ ਗਾਇਕ ਮੰਚ ਤੇ ਗਾਉਂਦੇ ਹਨ।

ਮੇਰੀ ਨਿਮਾਣੀ ਜਿਹੀ ਕਲਮ ਦੀ ਹੌਸਲਾ ਅਫ਼ਜਾਈ ਕਰਨ ਵਿਚ ਸੰਤ ਬਾਬਾ ਨਰਿੰਦਰ ਸਿੰਘ, ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਸੰਤ ਬਾਬਾ ਗਰੀਬ ਦਾਸ ਰਾਪੁਰ ਬੱਲਾਂ, ਸੰਤ ਬਾਬਾ ਮੋਹਣ ਦਾਸ ਜੀ, ਸੰਤ ਬਾਬਾ ਦਰਸ਼ਨ ਦਾਸ ਨਗਰ, ਸੰਤ ਬਾਬਾ ਨਿਰਮਲ ਦਾਸ ਜੀ ਰਾਏਪੁਰ, ਸੰਤ ਬਾਬਾ ਭਗਵਾਨ ਦਾਸ, ਸੰਤ ਬੀਬੀ ਜਗੀਰ ਕੌਰ ਬੇਗੋਵਾਲ ਦਾ ਪਵਿੱਤਰ ਨਾਮ ਆਉਂਦਾ ਹੈ।

ਪੰਜਾਬੀ ਗੀਤਾਂ ਦੇ ਲਿਖਾਰੀਆਂ ਦੀ ਲੌ ਵੀ ਤੇਜ਼ ਹੁੰਦੀ ਜਾਂਦੀ ਹੈ ਪਰ ਅਸ਼ਲੀਲ ਗੀਤਾਂ ਤੋਂ ਮੈਂ ਬਹੁਤ ਗੁਰੇਜ਼ ਕਰਦਾ ਹਾਂ। ਗੀਤ ਉਹ ਲਿਖਣੇ ਚਾਹੀਦੇ ਹਨ ਜੋ ਸਾਡੀਆਂ ਆਪਣੀਆਂ ਧੀਆਂ, ਭੈਣਾਂ ਤੇ ਮਾਤਾਵਾਂ ਵੀ ਸੁਣ ਸਕਣ।


ਮੇਰੇ ਸੁਹਿਰਦ ਸ਼ਗਿਰਦਾਂ ਦੇ ਸਨਮੁਖ ਸਿੰਘ 'ਆਜ਼ਾਦ', ਸੁਖਜੀਤ ਝਾਸਾਂ ਵਾਲਾ, ਹਰਭਜਨ ਸਿੰਘ 'ਥਿੰਦ', ਦਵਿੰਦਰ 'ਜ਼ਖ਼ਮੀ', ਰਾਣਾ ਭੋਗਪੁਰੀਆ, ਚਰਨਜੀਤ ਟੱਤੀ 'ਚਾਹੜਕੇ' ਗੀਤ ਲਿਖਣ ਵਿਚ ਤੇਜ਼ੀ ਨਾਲ ਅੱਗੇ ਵੱਧ ਰਹੇ ਹਨ। ਅੰਤ ਨੂੰ ਮੈਂ ਕਾਵਿ ਕਲਾ ਦੇ ਪ੍ਰੇਮੀਆਂ ਅੱਗੇ ਬੇਨਤੀ ਕਰਦਾ ਹਾਂ ਜੇ ਮੇਰਾ ਸੰਗਤਾਂ ਹੌਸਲਾ ਵਧਾਇਆ ਤਾਂ ਏਸੇ ਵਰ੍ਹੇ ਪੰਜਾਬੀ ਕਵਿਤਾ ਦੀਆਂ ਪੰਜਾਬੀ ਸਾਹਿਤ ਨੂੰ ਚਾਰ ਪੁਸਤਕਾਂ ਦੇਣ ਦੀ ਸਮਰੱਥਾ ਰੱਖਦਾ ਹਾਂ।

25-5-94.

ਚਰਨ ਸਿੰਘ ਸਫ਼ਰੀ,

ਦਸੂਹਾ (ਕਹਿਰੇਵਾਲੀ), ਹੁਸ਼ਿਆਰਪੁਰ।

ਖੂਨ ਦੀਆਂ ਲਾਟਾਂ



1. ਸਿੱਖੀ

ਤੂੰ ਕੀ ਜਾਣੇ ਭੋਲਿਆ ਸਿੱਖਾਂ
ਕਿਸ ਵਸਤੂ ਦਾ ਨਾਂ ਹੈ ਸਿੱਖੀ
ਗਾੜ੍ਹਾ ਖ਼ੂਨ ਸ਼ਹੀਦਾਂ ਦਿੱਤਾ
ਚਮਕ ਰਹੀ ਇਹ ਤਾਂ ਹੈ ਸਿੱਖੀ
ਸਤਿਗੁਰ ਤੇਗ ਬਹਾਦਰ ਸਿੱਖੀ
ਪੂਜਿਆ ਗੁਜਰੀ ਮਾਂ ਹੈ ਸਿੱਖੀ
ਵਿਰਲਾ ਹੀ ਕੋਈ ਬਹਿ ਸਕਦਾ ਹੈ
ਤਲਵਾਰਾਂ ਦੀ ਛਾਂ ਹੈ ਸਿੱਖੀ

ਖ਼ੂਨ ਪੀਣ ਦੀ ਵਾਦੀ ਇਸ ਨੂੰ
ਮੰਗਦੀ ਨਿੱਤ ਸ਼ਹੀਦੀ ਸਿੱਖੀ
ਪੁੱਛੋ ਬਾਬੇ ਦੀਪ ਸਿੰਘ ਤੋਂ
ਕਿਹੜੇ ਭਾਅ ਖ਼ਰੀਦੀ ਸਿੱਖੀ

ਤੇਜ਼ ਧਾਰ ਤੇ ਤੁਰਨਾ ਪੈਂਦਾ
ਕਿੰਨਾ ਮੁਸ਼ਕਲ ਰਾਹ ਹੈ ਸਿੱਖੀ
ਮੌਤ ਦੀ ਵੀ ਪਰਵਾਹ ਨੀ ਕਰਦੀ
ਕਿੰਨੀ ਬੇ ਪਰਵਾਹ ਹੈ ਸਿੱਖੀ
ਨਿਰਾ ਰੱਬ ਦਾ ਰੂਪ ਹੈ ਸਿੱਖੀ
ਰੱਬ ਦੀ ਸਿਫ਼ਤ ਸਲਾਹ ਹੈ ਸਿੱਖੀ
ਗੁਰ ਅਰਜਨ ਦੇ ਛਾਲੇ ਤੱਕ ਕੇ
ਕਾਤਲ ਕਹਿੰਦਾ ਆਹ! ਹੈ ਸਿੱਖੀ

ਦੇਗਾ ਭਾਈ ਦਿਆਲੇ ਦਾ ਤੇ
ਮਤੀ ਦਾਸ ਦਾ ਆਰਾ ਸਿੱਖੀ
ਕੇਸ ਗੜ੍ਹ ਵਿਚ ਸਰ ਕਟਵਾ ਕੇ
ਲੱਭਦੀ ਏ ਸਰਦਾਰਾ ਸਿੱਖੀ
ਅੱਜ ਕਲ ਦੇ ਮਨਮਤੀਆ ਸਿੱਖਾ

ਮਨ ਮੱਤ ਨੀ ਗੁਰਮਤ ਹੈ ਸਿੱਖੀ
ਯੱਤ ਹੈ ਸਿੱਖੀ ਸੱਤ ਹੈ ਸਿੱਖੀ
ਮਾਨਵਤਾ ਦਾ ਤੱਤ ਹੈ ਸਿੱਖੀ
ਸੀਸ ਦੀਆ ਪਰ ਸਿਰੜ ਨਾ ਦੀਆ
ਬਲੀਦਾਨ ਦੀ ਅੱਤ ਹੈ ਸਿੱਖੀ
ਦਸਮ ਪਿਤਾ ਦੇ ਲਾਡ ਲਡਿੱਕੇ
ਚੌਹ ਬੱਚਿਆਂ ਦ੍ਰੀ ਰੱਤ ਹੈ ਸਿੱਖੀ

ਪੁਰਸਲਾਤ ਦਾ ਪੁਲ ਹੈ ਸਿੱਖੀ
ਕਿੰਨੀਆਂ ਮੁਸ਼ਕਲ ਵਾਟਾਂ ਸਿੱਖੀ
ਤੇਗ਼ ਬਹਾਦਰ ਜੀ ਦੇ ਬਲਦੇ
ਲਹੂ ਦੀਆਂ ਨੇ ਲਾਟਾਂ ਸਿੱਖੀ

ਝੱਲੇ ਝੱਲੇ ਲੋਕਾਂ ਪਿੱਛੇ
ਰਹੀ ਤਸੀਹੇ ਝਲਦੀ ਸਿੱਖੀ
ਜਿਉਂ ਜਿਉਂ ਇਸ ਦੀਆਂ ਟਾਹਣਾਂ ਕੱਟੇ
ਤਿਉਂ ਤਿਉਂ ਫੁਲਦੀ ਫਲਦੀ ਸਿੱਖੀ
ਪਿਛਲੀ ਸਿੱਖੀ ਨਾਲ ਨੀ ਰਲਦੀ
ਓ ਸਿੱਖਾ ਅੱਜ ਕਲ ਦੀ ਸਿੱਖੀ
ਪਾਣੀ ਵਿਚ ਨੀ ਡੁਬਦੀ ਸਿੱਖੀ
ਅਗਨੀ ਵਿਚ ਨੀ ਜਲਦੀ ਸਿੱਖੀ

ਜਿਹੜਾ ਸਿੱਖ ਸਿੱਖੀ ਦੀ ਖ਼ਾਤਿਰ
ਹੱਸ ਕੇ ਸਿਰ ਕਟਵਾ ਸਕਦਾਹੈ
ਉਹੀ ਗੁਰੂ ਗੋਬਿੰਦ ਸਿੰਘ ਜੀ ਦਾ
ਸੱਚਾ ਸਿੱਖ ਅਖਵਾ ਸਕਦਾ ਹੈ

ਅੱਲਾ ਦਾ ਅਲਹਾਮ ਹੈ ਸਿੱਖੀ
ਗੁਰ ਨਾਨਕ ਦਾ ਨੂਰ ਹੈ ਸਿੱਖੀ
ਮਤੀਦਾਸ ਦੇ ਦੋਹ ਨੈਣਾਂ ਦਾ
ਮਿੱਠਾ ਜਿਹਾ ਸਰੂਰ ਹੈ ਸਿੱਖੀ
ਜੱਦ ਤੱਕ ਨਹੀਂ ਬੇਦਾਵਾ ਫਟਦਾ
ਸਿੱਖਾ ਨਾ ਮਨਜ਼ੂਰ ਹੈ ਸਿੱਖੀ

ਬੰਦ ਬੰਦ ਕਟਵਾ ਬੈਠਾ ਏਂ
ਅਜੇ ਤੱਕ ਵੀ ਦੂਰ ਹੈ ਸਿੱਖੀ

ਸੇਵਾ ਸਿੱਖੀ, ਸਿਮਰਨ ਸਿੱਖੀ
ਸਿਦਕ ਦਾ ਇੱਕ ਖ਼ਜ਼ਾਨਾ ਸਿੱਖੀ
ਝੋਲੀਆਂ ਭਰ ਭਰ ਘਰ ਨੂੰ ਲੈ ਗਏ
ਬਾਲਾ ਤੇ ਮਰਦਾਨਾ ਸਿੱਖੀ

ਪੱਤ ਝੜਾਂ ਵਿਚ ਬਹੁਤੀ ਖਿੜਦੀ
ਐਸੀ ਇੱਕ ਗੁਲਜ਼ਾਰ ਹੈ ਸਿੱਖੀ
ਢਾਲ ਬਣੀ ਮਜ਼ਲੂਮ ਵਾਸਤੇ
ਜ਼ਾਲਮ ਲਈ ਤਲਵਾਰ ਹੈ ਸਿੱਖੀ
ਜ਼ੋਰਾਵਰ ਫਤਹਿ ਸਿੰਘ ਸਿੱਖੀ
ਬੀਰ ਅਜੀਤ ਜੁਝਾਰ ਹੈ ਸਿੱਖੀ
ਨੱਨੇ ਲਾਲ ਚਿਣੇ ਗਏ ਜਿਥੇ
ਉਹ ਖ਼ੂਨੀ ਦੀਵਾਰ ਹੈ ਸਿੱਖੀ

ਕਿਸ ਨੇ ਟੁੱਟੀ ਗੰਢੀ ਸਿੱਖਾ !
ਕਿਸ ਵਸਤੂ ਨੂੰ ਆਹਨਾ ਸਿੱਖੀ
ਮਹਾਂ ਸਿੰਘ ਨੂੰ ਜੋ ਦਿੱਤਾ ਸੀ
ਮਾਂ ਭਾਗੋ ਦਾ ਤਾਹਨਾ ਸਿੱਖੀ

ਸਵਾ ਸਵਾ ਲੱਖ ਦੁਸ਼ਮਨ ਦੇ ਸੰਗ
ਇੱਕ ਇੱਕ ਸਿੱਖ ਲੜਦਾ ਤੱਕਿਆ
ਪੈਰਾਂ ਉਤੇ ਕੌਮ ਖਲੋ ਜਾਏ
ਤੋਪਾਂ ਮੋਹਰੇ ਖੜਦਾ ਤੱਕਿਆ
ਭਠਿਆਂ ਦੇ ਵਿਚ ਸੜਦਾ ਤੱਕਿਆ
ਦੇਗਾਂ ਦੇ ਵਿਚ ਕੜ੍ਹਦਾ ਤੱਕਿਆ
ਪੰਥ ਦੀ ਚੜ੍ਹਦੀ ਕਲਾ ਦੀ ਖ਼ਾਤਿਰ
ਚਰਖੜੀਆਂ ਤੇ ਚੜ੍ਹਦਾ ਤੱਕਿਆ

ਸਿੱਖਾ ਰਹਿਤ ਕਿਧਰ ਨੂੰ ਤੁਰ ਗਈ
ਕਿੱਥੇ ਆਣ ਖਲੋ ਗਈ ਸਿੱਖੀ

ਸਿੱਖਾ ਤੂੰ ਧਨਵਾਨ ਬਣ ਗਿਉਂ
ਬਿਲਕੁਲ ਨਿਰਧਨ ਹੋ ਗਈ ਸਿੱਖੀ

ਸਿੱਖੀ ਸਾਨੂੰ ਅਰਸ਼ੋਂ ਉਤਰੀ
ਸਤਿਗੁਰ ਦਾ ਵਰਦਾਨ ਹੈ ਸਿੱਖੀ
ਇਸ ਕਲਜੁਗ ਦੇ ਭੁੱਲੇ ਭਟਕੇ
ਜੀਵਾਂ ਦਾ ਕਲਿਆਣ ਹੈ ਸਿੱਖੀ
ਟੋਡਰ ਮੱਲ ਦਾ ਧਰਮ ਤੇ
ਬੁੱਧੂ ਸ਼ਾਹ ਦਾ ਈਮਾਨ ਹੈ ਸਿੱਖੀ
ਸਿੱਖਾ ਤੇਰੀ ਜਿੰਦ ਹੈ ਸਿੱਖੀ
ਸਿੱਖਾ ਤੇਰੀ ਜਾਨ ਹੈ ਸਿੱਖੀ

ਨਬੀ ਖ਼ਾਨ ਤੇ ਗ਼ਨੀ ਖ਼ਾਨ ਜਦ
ਭਾਰ ਗੁਰਾਂ ਦਾ ਸਹਿ ਸਕਦਾ ਹੈ
ਗੁਰ ਸਿੱਖੀ ਦੇ ਝੰਡੇ ਥੱਲੇ
ਮੁਸਲਮਾਨ ਵੀ ਬਹਿ ਸਕਦਾ ਹੈ

ਗੁਰਸਿੱਖੀ ਦੀ ਖਾਤਿਰ ਸਿੰਘੋ
ਕਿੰਨੇ ਕਸ਼ਟ ਉਠਾਏ ਗਏ ਨੇ
ਇੰਧਣ ਤੋਲੇ ਛਾਤੀਆਂ ਉਤੇ
ਖੋਪਰ ਤਿਕ ਲੁਹਾਏ ਗਏ ਨੇ
ਮੀਰ ਮੰਨੂੰ ਦੀ ਜੇਹਲ 'ਚ ਭੈਣਾਂ
ਤੇ ਵੀ ਪਾਪ ਕਮਾਏ ਗਏ ਨੇ
ਟੁਕੜੇ ਟੁਕੜੇ ਬੱਚੇ ਕਰਕੇ
ਝੋਲੀਆਂ ਦੇ ਵਿਚ ਪਾਏ ਗਏ ਨੇ

ਪੁੱਤਰ ਦਾ ਜਦ ਕੱਢ ਕਲੇਜਾ
ਬੀਰ ਬੰਦੇ ਦੇ ਮੂੰਹ ਵਿਚ ਪਾਇਆ
ਕਹਿੰਦਾ ''ਕੀ ਸਰਕਾਰ ਨੇ ਮੁੜ ਕੇ
ਮੇਰੇ ਮੂੰਹ ਛੁਹਾਰਾ ਪਾਇਆ''

ਸੰਭਲ ਸੰਭਲ ਓ ਭੋਲਿਆ ਸਿੱਖਾ
ਜਾਂਦੀ ਹੋਈ ਸੰਭਾਲ ਓ ਸਿੱਖੀ
ਖ਼ੂਨ ਵਹਾ ਕੇ ਤੈਨੂੰ ਦੇ ਗਏ

ਦਸਮ ਪਿਤਾ ਦੇ ਲਾਲ ਓ ਸਿੱਖੀ
ਲੱਭੀ ਏ ਚਮਕੌਰ ਗੜ੍ਹੀ 'ਚੋਂ
ਬੜਿਆਂ ਯਤਨਾਂ ਨਾਲ ਓ ਸਿੱਖੀ
ਬੋਲੇ ਸੋ ਨਿਹਾਲ ਓ ਸਿੱਖੀ
ਸਤਿ ਸ੍ਰੀ ਅਕਾਲ ਓ ਸਿੱਖੀ

ਇੱਕ ਦਿਨ ਸਮਾਂ ਅਜੇਹਾ ਆਉਣਾ
ਹਰ ਗੁਰ ਸਿੱਖ ਤਿਆਰ ਹੋਏਗਾ
ਸਾਰੀ ਦੁਨੀਆਂ ਅੰਦਰ ਸਫ਼ਰੀ
ਸਿੱਖੀ ਦਾ ਪਰਚਾਰ ਹੋਏਗਾ

ਕੌਮ ਮੇਰੀ ਦੇ ਰਾਹ ਨਮਾਓ
ਬਣਤਾਂ ਕੀ ਬਣਾਉਂਦੇ ਪਏ ਓ
ਭੋਲੀ ਭਾਲੀ ਏਸ ਕੌਮ ਨੂੰ
ਕਿਉਂ ਭੁਲੇਖੇ ਪਾਉਂਦੇ ਪਏ ਓ
ਇੱਕ ਕੌਮ ਨੂੰ ਕਰ ਨੀ ਸਕਦੇ
ਆਗੂ ਕਿਉਂ ਅਖਵਾਉਂਦੇ ਪਏ ਓ

ਆਪੋ ਆਪਣੀ ਡਫਲੀ ਕਾਹਨੂੰ
ਵੱਖੋ ਵੱਖ ਵਜਾਉਂਦੇ ਪਏ ਓ
ਦਿੱਤਾ ਖ਼ੂਨ ਸ਼ਹੀਦਾਂ ਜਿਹੜਾ
ਤੁਬਕਾ ਜ਼ਾਇਆ ਜਾ ਨਹੀਂ ਸਕਦਾ
ਦੱਬ ਸਕਦਾ ਹੈ ਕੋਹ ਹਿਮਾਲਾ
ਸਿੱਖ ਦਬਾਇਆ ਜਾ ਨਹੀਂ ਸਕਦਾ

----

2. ਹਾਂ ਲਹੂ ਲਹੂ, ਹਾਂ ਲਹੂ ਲਹੂ

ਹਾਂ ਲਹੂ ਲਹੂ, ਹਾਂ ਲਹੂ ਲਹੂ, ਹਰ ਤਰਫ਼ ਪਿਆਰੇ ਲਹੂ ਲਹੂ
ਕਤਲਾਮ ਹੋ ਗਿਆ ਕਲੀਆਂ ਦਾ, ਗੁਲਸ਼ਨ ਵਿਚ ਸਾਰੇ ਲਹੂ ਲਹੂ

ਅਬਲਾ ! ਤੇਰਾ ਚੰਨ ਗੁਆਚ ਗਿਆ ਕਿਰਨਾਂ ਕਿਸ ਥਾਉਂ ਲਭਦੀ ਏਂ
ਅੱਖੀਆਂ ਦੇ ਸਾਹਵੇਂ ਹੋ ਗਏ ਜੱਦ ਅੱਖੀਆਂ ਦੇ ਤਾਰੇ ਲਹੂ ਲਹੂ

ਔਹ ! ਲਾਸ਼ ਕਦੋਂ ਦੀ ਪਈ ਹੋਈ ਕੁੱਤੇ ਵੀ ਸੁੰਘ ਕੇ ਚਲੇ ਗਏ
ਇਹ ਮਾਸ ਨੀ ਖਾਂਦੇ ਬੰਦੇ ਦਾ ਪੀਂਦੇ ਹਤਿਆਰੇ ਲਹੂ ਲਹੂ

ਸਾਹਿਲ ਤੇ ਕਸ਼ਤੀ ਡੁਬ ਗਈ ਬੇਸ਼ਰਮ ਮਲਾਹੋ ਡੁਬ ਮਰੋ
ਲਹਿਰਾਂ ਵਿਚ ਲਾਸ਼ਾਂ ਤਰ ਰਹੀਆਂ ਸਰਸਬਜ਼ ਕਨਾਰੇ ਲਹੂ ਲਹੂ

ਧਨਵਾਨਾ ! ਤੈਨੂੰ ਕੀ ਕਹੀਏ ਇਹ ਆਪੋ ਆਪਣੀ ਕਿਸਮਤ ਹੈ
ਤੇਰੇ ਮਹਿਲ ਮਨਾਰੇ ਦੁੱਧ ਦੁੱਧ ਸਾਡੇ ਛੰਨਾ ਢਾਰੇ ਲਹੂ ਲਹੂ

ਕਲ ਰਾਤੀਂ ਏਨੀ ਸਰਦੀ ਸੀ ਇੱਕ ਮਰ ਗਿਆ ਬਾਲ ਠਠਿੰਬਰ ਕੇ
ਕੱਫਣ ਲਈ ਬਸਤਰ ਫੋਲੇ ਤਾਂ ਸਾਰੇ ਦੇ ਸਾਰੇ ਲਹੂ ਲਹੂ

ਓ ਪੰਡਤੋ ! ਭਾਈਓ ! ਮੌਲਵੀਓ ! ਰੱਬ ਕਿਸ ਨੇ ਜ਼ਖ਼ਮੀ ਕੀਤਾ ਏ
ਔਹ ਮੰਦਰ ਮਸਜਦ ਗਿਰਜਾ ਘਰ ਤੇ ਗੁਰੂ ਦੁਆਰੇ ਲਹੂ ਲਹੂ

ਧਰਤੀ ਮਾਂ ਤੂੰ ਵੀ ਜ਼ਖ਼ਮੀ ਏਂ ਤੇਰਾ ਰੋਮ ਰੋਮ ਹੈ ਲਹੂ ਲਹੂ
ਐ ਅੰਬਰ ਤੈਂ ਵੱਲ ਤੱਕੀਏ ਤਾਂ ਤੇਰੇ ਚੰਨ ਸਤਾਰੇ ਲਹੂ ਲਹੂ

ਓ ਵੱਡਿਆ ਸਫ਼ਰੀ ਕੀ ਹੋਇਆ ਅੱਜ ਕਲਮ ਤੇਰੀ ਨੂੰ ਕੀ ਹੋਇਆ
ਤੇਰੇ ਸ਼ਿਅਰ ਤਾਂ ਸਾਰੇ ਸੁਥਰੇ ਪਰ ਸਾਰੇ ਦੇ ਸਾਰੇ ਲਹੂ ਲਹੂ

3. ਚੂੰਡ ਭਰਵਾਣੇ ਦੇ ਸ਼ਹੀਦ

ਕਿਸ ਨੇ ਸੰਨ ਸਨਤਾਲੀ ਦੀ ਬਾਤ ਛੇੜੀ
ਸੁੱਤੇ ਵਲਵਲੇ ਕਿਸ ਜਗਾਏ ਨੇ ਇਹ

ਰੱਤ ਭਿੱਜਿਆ ਹੈ ਇਤਿਹਾਸ਼ ਸਾਡਾ
ਖ਼ੂਨੀ ਪੱਤਰੇ ਕਿਸ ਉਲਟਾਏ ਨੇ ਇਹ

ਦੇਸ਼-ਧਰਮ ਤੋਂ ਕਿਹੜੇ ਸ਼ਹੀਦ ਹੋ ਗਏ
ਕਿਹਨਾਂ ਪੂਰਨੇ ਲਹੂ ਦੇ ਪਾਏ ਨੇ ਇਹ

ਇਹ ਨੇ ਲਾਡਲੇ ਗੁਰੂ ਗੋਬਿੰਦ ਸਿੰਘ ਦੇ
ਸਹਿਬ ਦੇਵਾਂ ਤੇ ਜੀਤੋ ਦੇ ਜਾਏ ਨੇ ਇਹ

ਚੁੰਮੋਂ ਇਹਨਾਂ ਦੇ ਚਰਨਾਂ ਦੀ ਧੂੜ ਚੁੰਮੋਂ
ਸਿੰਘ ਚੂੰਡ ਭਰਵਾਣਿਉਂ ਆਏ ਨੇ ਇਹ

ਜਿਹੜੇ ਖੂਹਾਂ 'ਚ ਬੱਚੀਆਂ ਛਾਲ ਮਾਰੀ
ਓਸ ਖੂਹ ਦੀ ਮਿੱਟੀ ਲਿਆਏ ਨੇ ਇਹ

ਲਾਓ ਲਾਓ ਕਲੇਜੇ ਦੇ ਨਾਲ ਲਾਓ
ਮਿੱਟੀ ਚੂੰਡ ਭਰਵਾਣਿਉਂ ਆਈ ਹੈ ਇਹ

ਲਾਲ-ਲਾਲ ਸ਼ਹੀਦਾਂ ਦਾ ਲਹੂ ਹੈ ਇਹ
ਲਾਲ ਕਿਲੇ ਤੇ ਲਾਲੀ ਲਿਆਈ ਹੈ ਇਹ

ਗੁਰੂ ਸਿੱਖਾਂ ਨੇ ਕਿਵੇਂ ਅਰਦਾਸ ਕਰਕੇ
ਸਿੱਖੀ ਕੇਸੀਂ ਸੁਆਸੀਂ ਨਿਭਾਈ ਹੈ ਇਹ

ਸਾਡੇ ਵੱਡਿਆਂ ਬਚਾਈ ਨਹੀਂ ਜਿੰਦ ਅਪਣੀ
ਇੱਕੋ ਮਿੱਟੀ ਦੀ ਮੁੱਠੀ ਬਚਾਈ ਹੈ ਇਹ

ਜਿਨ੍ਹਾਂ ਦੇਸ਼ ਤੇ ਧਰਮ ਤੋਂ ਜਿੰਦ ਵਾਰੀ
ਸਿੰਘ ਗੁਰੂ ਘਰ ਦੇ ਵਰੋਸਾਏ ਨੇ ਇਹ

ਜਿਹੜੀ ਮਿੱਟੀ 'ਚ ਸਾਡੇ ਬਜ਼ੁਰਗ ਸੁੱਤੇ
ਓਸ ਮਿੱਟੀ ਦੇ ਛਾਲੇ ਲਿਆਏ ਨੇ ਇਹ

ਤੁਸੀਂ ਚੂੰਡ ਭਰਵਾਣੇ ਤਾਂ ਗਏ ਸਿੰਘੋ

ਕੋਈ ਸ਼ਬਦ ਗੁਰਬਾਣੀ ਦਾ ਗਾਇਆ ਵੀ ਸੀ?

ਜਿਹੜੀ ਧਰਤੀ ਤੇ ਸਾਡੇ ਸ਼ਹੀਦ ਸੁੱਤੇ
ਉਸ ਧਰਤੀ ਨੂੰ ਸੀਸ ਨਿਵਾਇਆ ਵੀ ਸੀ

ਉਹਨਾਂ ਲਹੂ ਬਹਾਇਆ ਸੀ ਤੁਸਾਂ ਖ਼ਾਤਿਰ
ਤੁਸਾਂ ਅੱਥਰੂ ਕੋਈ ਬਹਾਇਆ ਵੀ ਸੀ

ਖੂਹ ਵਿਚ ਕਿੰਨੇ ਮਾਸੂਮਾਂ ਨੇ ਛਾਲ ਮਾਰੀ
ਸਾਡਾ ਲਾਡਲਾ ਨਜ਼ਰ ਕੁਈ ਆਇਆ ਵੀ ਸੀ

ਕਿਸ ਨੇ ਪੈਂਤੀਆਂ ਸਾਲਾਂ ਦੇ ਬਾਅਦ ਹਾਏ !
ਸਾਡੇ ਸੀਨੇ ਦੇ ਫੋੜੇ ਦੁਖਾਏ ਨੇ ਇਹ

ਜਿਹੜੇ ਛਾਲੇ ਹੀ ਛਾਲੇ ਜ਼ਮੀਨ ਹੋ ਗਈ
ਉਸ ਮਿੱਟੀ ਦੇ ਛਾਲੇ ਲਿਆਏ ਨੇ ਇਹ

ਚੜ੍ਹਕੇ ਚੁੰਡ ਭਰਵਾਨੇ ਦੇ ਗੁਰੂ ਘਰ ਤੇ
ਕਟਕ ਵਿਫਰਦਾ ਆਇਆ ਸੀ ਵੈਰੀਆਂ ਦਾ

ਮੁੱਠੀ ਭਰ ਦਸ਼ਮੇਸ਼ ਦੇ ਖ਼ਾਲਸੇ ਨੇ
ਕਿਵੇਂ ਕੀਤਾ ਸਫ਼ਾਇਆ ਸੀ ਵੈਰੀਆਂ ਦਾ

ਪੰਜ ਦਿਨ ਤੇ ਪੂਰੀਆਂ ਪੰਜ ਰਾਤਾਂ
ਕਿਵੇਂ ਖ਼ੂਨ ਬਹਾਇਆ ਸੀ ਵੈਰੀਆਂ ਦਾ

ਮਾਰ ਮਾਰ ਕੇ ਗੋਲੀਆਂ ਬੀਬੀਆਂ ਨੇ
ਲਸ਼ਕਰ ਮਾਰ ਭਜਾਇਆ ਸੀ ਵੈਰੀਆਂ ਦਾ

ਬੱਚੇ ਆਪਣੇ ਆਪ ਸ਼ਹੀਦ ਕੀਤੇ
ਕਿੰਨੇ ਸਿੰਘਾਂ ਨੇ ਸਦਮੇ ਉਠਾਏ ਨੇ ਇਹ

ਜਿਨ੍ਹਾਂ ਕੰਧਾਂ ਨਾ ਲਗ ਕੇ ਜਲਾਦ ਰੋਏ
ਉਹਨਾਂ ਕੰਧਾਂ ਦੀ ਮਿੱਟੀ ਲਿਆਏ ਨੇ ਇਹ

ਚੰਦ ਗਿਣਤੀ ਦੇ ਸਿੰਘ ਸੀ ਗੁਰਦੁਆਰੇ
ਦੁਸ਼ਮਣ ਹੋ ਕਰ ਵੀ ਸ਼ੁਮਾਰ ਟੁੱਟੇ

ਟੁੱਟਾ ਮੋਰਚਾ ਨਾ ਕਿਸੇ ਪਾਸਿਓਂ ਵੀ

ਇੱਕ ਦੂਸਰੇ ਤੇ ਵਾਰ-ਵਾਰ ਟੁੱਟੇ

ਰਾਕਸ਼ ਪਕੜਨਾ ਚਾਹੁੰਦੇ ਸੀ ਕੰਜਕਾਂ ਨੂੰ
ਗੁਰਦੁਆਰੇ ਦੀ ਕੋਈ ਦੀਵਾਰ ਟੁੱਟੇ

ਆਇਆ ਕੱਖ ਨਾ ਹੱਥ ਜਨੂਨੀਆਂ ਦੇ
ਕਈ ਹੱਥ ਟੁੱਟੇ ਕਈ ਹਥਿਆਰ ਟੁੱਟੇ

ਟੁੱਟਾਂ ਬੂਹਾ ਤਾਂ ਹੋ ਕੇ ਹੈਰਾਨ ਬੋਲੇ
ਕਿਹਨੇ ਲਾਸ਼ਾਂ ਤੇ ਫੁਲ ਵਰਸਾਏ ਨੇ ਇਹ

ਬੱਚੇ ਹੱਥ ਨੀ ਆਏ ਸ਼ਹੀਦ ਹੋ ਗਏ
ਏਨੀ ਬੀਰਤਾ ਕਿਥੋਂ ਲਿਆਏ ਨੇ ਇਹ

ਮਿੱਟੀ ਚੁੰਡ ਭਰਵਾਨਿਊਂ ਆਈ ਜਿਹੜੀ
ਏਸ ਮਿੱਟੀ 'ਚ ਸਾਡਾ ਪਿਆਰ ਬੰਦ ਏ

ਇਸ ਮਿੱਟੀ ਦੇ ਇੱਕ-ਇੱਕ ਕਣ ਅੰਦਰ
ਸਾਡੀ ਸੱਧਰ ਹਜ਼ਾਰ-ਹਜ਼ਾਰ ਬੰਦ ਏ

ਏਸ ਮਿੱਟੀ 'ਚ ਬੰਦ ਨੇ ਗੀਤ ਸਾਡੇ
ਏਸ ਮਿੱਟੀ 'ਚ ਸਾਡਾ ਸ਼ਿੰਗਾਰ ਬੰਦ ਏ

ਏਸ ਮਿੱਟੀ 'ਚ ਬੰਦ ਹੈ ਚਮਨ ਸਾਡਾ
ਸਾਡੇ ਚਮਨ ਦੀ ਸਾਰੀ ਬਹਾਰ ਬੰਦ ਏ

ਏਸ ਮਿੱਟੀ 'ਚ ਮਹਿਕਦੀ ਅਣਖ ਸਾਡੀ
ਅਣਖੀਂ ਸੂਰਮੇ ਗਏ ਅਜ਼ਮਾਏ ਨੇ ਇਹ

ਮਿੱਟੀ ਨਹੀਂ ਇਹ ਸੈਂਕੜੇ ਦਿਲਾਂ ਦੀਆਂ
ਪੀੜਾਂ ਕੱਠੀਆਂ ਕਰਕੇ ਲਿਆਏ ਨੇ ਇਹ

ਆਪਣੇ ਧਰਮ ਖ਼ਾਤਿਰ ਸਿੰਘਾ ਖਿੜੇ ਮੱਥੇ
ਸਿਰ ਤੇ ਹਰ ਮੁਸੀਬਤ ਉਠਾ ਗਿਉਂ ਤੂੰ

ਸਿਰ ਤੇ ਜਦੋਂ ਝੁੱਲੀ ਕੀਮਤ ਸਿਰਾਂ ਦੀ ਵੀ
ਅੱਸੀ ਅੱਸੀ ਰੁਪਈਏ ਪੁਆ ਗਿਉਂ ਤੂੰ

ਖੋਪਰ ਰੰਬੀਆਂ ਨਾਲ ਲੁਹਾ ਗਿਉਂ ਤੂੰ

ਚੜ੍ਹਕੇ ਚਰਖੜੀ ਤੇ ਗੇੜੇ ਖਾ ਗਿਉਂ ਤੂੰ
ਬੰਦ-ਬੰਦ ਕਟਵਾ ਗਿਉਂ ਮਗਰ ਸਿੰਘਾ
ਬੂਹੇ ਜ਼ੁਲਮ ਦੇ ਬੰਦ ਕਟਵਾ ਗਿਉਂ ਤੂੰ
ਦਿਤਾ ਸੀਸ ਪਰ ਸਿਰੜ ਨਹੀਂ ਜਾਣ ਦਿੱਤਾ
ਨਾਵੇਂ ਪਾਤਸ਼ਾਹ ਸ਼ਬਦ ਫ਼ਰਮਾਏ ਨੇ ਇਹ
ਜਿਹੜੀ ਮਿੱਟੀ ਨੂੰ ਕਹਿਰ ਦਾ ਸੇਕ ਲੱਗਾ
ਉਸ ਮਿੱਟੀ ਦੇ ਛਾਲੇ ਲਿਆਏ ਨੇ ਇਹ

---

4. ਬਾਬਾ ਵਿਸ਼ਕਰਮਾ

ਧਰਤੀ ਥੱਲੇ ਤੇ ਉਤੇ ਆਕਾਸ਼ ਟਿਕਿਆ
ਕਲਾਕਾਰ ਨੇ ਕਲਾ ਦਿਖਾਈ ਹੋਈ ਏ
ਦਿਨੇ ਸੂਰਜ ਤੇ ਰਾਤ ਨੂੰ ਚੰਨ ਚਮਕੇ
ਝਿਲ ਮਿਲ ਝਿਲ ਮਿਲ ਸਤਾਰਿਆਂ ਲਾਈ ਹੋਈ ਏ

ਕਲਾਕਾਰ ਨੇ ਕੱਢ ਕੇ ਖੰਧਰਾਂ ਚੋਂ
ਦੁਨੀਆਂ ਮਹਿਲਾਂ ਦੇ ਵਿਚ ਵਸਾਈ ਹੋਈ ਏ
ਦੁਨੀਆਂ ਵਾਲਿਉ ਏਨੀ ਹੁਸੀਨ ਦੁਨੀਆਂ
ਦੁਨੀਆਂ ਵਾਲੇ ਨੇ ਕਾਹਤੋਂ ਬਣਾਈ ਹੋਈ ਏ

ਕਲਾ ਕਾਰ ਜ਼ਮਾਨੇ ਦਾ ਕੌਣ ਜਿਸਨੇ
ਕੁਦਰਤ ਰਾਣੀ ਦਾ ਵਿਹੜਾ ਸ਼ਿੰਗਾਰਿਆ ਏ
ਇਕੋ ਬਾਬੇ ਵਿਸ਼ਕਰਮਾ ਦਾ ਹੱਥ ਜਿਸਨੇ
ਸਾਰੀ ਧਰਤੀ ਦਾ ਰੂਪ ਨਿਖਾਰਿਆ ਏ

ਸਾਨੂੰ ਕਲਾ ਦੇ ਮੋਢੀ ਨੇ ਕਲਾ ਬਖ਼ਸ਼ੀ
ਵਧਿਆ ਜਗ ਉਤੇ ਮਾਣ ਤਾਣ ਸਾਡਾ
ਸੋਚ ਸਹਿਮ ਗਈ ਅਕਲ ਹੈਰਾਨ ਹੋ ਗਈ
ਉਡਦਾ ਅੰਬਰ ਤੇ ਤੱਕ ਬਬਾਣ ਸਾਡਾ

ਵਜਦੀ ਚੋਟ ਕੰਗਾਲਾਂ ਦੀ ਹਿੱਕ ਉੱਤੇ
ਵਜਦਾ ਅਹਿਰਣ ਤੇ ਜਦੋਂ ਵਦਾਣ ਸਾਡਾ
ਥੋੜਾ ਦੇਸ਼ ਦੀ ਕਰਦਾ ਏ ਥੋੜ ਪੂਰੀ
ਤੇ ਨਿਹਾਰੀਆਂ ਵੰਡਦਾ ਨਿਹਾਣ ਸਾਡਾ

ਓਸ ਬਾਬੇ ਵਿਸ਼ਕਰਮਾ ਦੇ ਆਸਰੇ ਹੀ
ਅਸੀਂ ਹੱਥ ਆਕਾਸ਼ ਨੂੰ ਪਾ ਲਿਆ ਏ
ਸਾਨੂੰ ਅੰਬਰ ਦੇ ਸੁਰਗ ਦੀ ਲੋੜ ਕੋਈ ਨਹੀਂ
ਅਸੀਂ ਧਰਤੀ ਤੇ ਸੁਰਗ ਬਣਾ ਲਿਆਏ

ਕਾਲੇ ਧੰਦੇ ਦਾ ਕੀਤਾ ਏ ਖ਼ੂਬ ਧੰਦਾ

ਸਾਡੇ ਹੱਥਾਂ ਦੇ ਸੁੱਚਿਆਂ ਧੰਦਿਆਂ ਨੇ
ਸਾਡੇ ਤੇਗੇ ਨੇ ਤਾਰੇ ਤਰਾਸ਼ ਛੱਡੇ
ਅੰਬਰ ਰੰਦ ਦਿੱਤਾ ਸਾਡੇ ਰੰਦਿਆਂ ਨੇ
ਭੁੱਖ ਨੰਗ ਦੇ ਦੰਦ ਤਰੋੜ ਛੱਡੇ
ਸਾਡੀ ਆਰੀ ਦੇ ਤਿੱਖਿਆਂ ਦੰਦਿਆਂ ਨੇ
ਅਸੀਂ ਰੱਬ ਦੀ ਬੰਦਗੀ ਬੜੀ ਕੀਤੀ
ਪਾਈ ਕਦਰ ਨਾ ਰੱਬ ਦੇ ਬੰਦਿਆਂ ਨੇ

ਜੇ ਨਾ ਲੰਕਾ ਸਮੁੰਦਰ ਤੇ ਪੁਲ ਬਝਦਾ
ਲਸ਼ਕਰ ਰਾਮ ਦਾ ਕਦੇ ਨਾ ਪਾਰ ਹੁੰਦਾ
ਸੀਤਾ ਸਤੀ ਦਾ ਰਾਮ ਭਗਵਾਨ ਤਾਈਂ
ਜੁੱਗਾਂ ਤਿੱਕ ਨਾ ਕਦੇ ਦੀਦਾਰ ਹੁੰਦਾ
ਜੱਸਾ ਸਿੰਘ ਦੀ ਯੋਗ ਅਗਵਾਈ ਥੱਲੇ
ਭਲਾ ਦੇਸ਼ ਦਾ ਕੀਤਾ ਤਾਂ ਅਸੀਂ ਕੀਤਾ
ਸੀਸ ਮੱਸੇ ਦਾ ਲਾਹਿਆ ਤਾਂ ਅਸੀਂ ਲਾਹਿਆ
ਬਦਲਾ ਵੈਰੀ ਤੋਂ ਲੀਤਾ ਤਾਂ ਅਸੀਂ ਲੀਤਾ
ਕੂਕਾ ਲਹਿਰ 'ਚ ਅਸੀਂ ਅੰਗ੍ਰੇਜ਼ ਵੇਲੇ
ਲਹੂ ਤੋਪਾਂ ਦਾ ਪੀਤਾ ਤਾਂ ਅਸੀਂ ਪੀਤਾ
ਰਾਮ ਗੜੀਆਂ ਦੀ ਮਿਸਲ ਦੇ ਅਸੀਂ ਬਾਨੀ
ਭਲਾ ਦੇਸ਼ ਦਾ ਕੀਤਾ ਤਾਂ ਅਸੀਂ ਕੀਤਾ
ਸਾਡੀ ਕੌਮ ਦੇ ਅਣਖੀ ਜੁਆਨ ਸੂਰੇ
ਲੈ ਕੇ ਟੈਂਕ ਲਦਾਖ ਤੇ ਚੜ੍ਹੇ ਨਹੀਂ ਗੇ?
ਕਿਹੜਾ ਮੋਰਚਾ ਈ ਜਿਥੇ ਰਾਮਗੜੀਏ
ਹਿਕਾਂ ਕੱਢ ਕੇ ਵੈਰੀ ਨਾ ਲੜੇ ਨਹੀ ਗੇ?
ਝੋਲੀ ਚੁੱਕ ਅੰਗ੍ਰੇਜ਼ ਦੇ ਰਾਜ ਅੰਦਰ
ਰਹੇ ਸੱਜੇ ਤੇ ਖੱਬੇ ਉਹ ਅਸੀਂ ਨਹੀਂ ਹਾਂ

ਭਗਤ ਸਿੰਘ ਵਿਰੁੱਧ ਗਵਾਹੀ ਦੇ ਕੇ

ਜਿਨ੍ਹਾਂ ਲੀਤੇ ਮੁਰੱਬੇ ਉਹ ਅਸੀਂ ਨਹੀ ਹਾਂ
ਜੈ ਚੰਦ ਦੇ ਵਾਂਗ਼ ਧਰੋਹ ਕਰਕੇ
ਲਾਏ ਵਤਨ ਨੂੰ ਧੱਬੇ ਉਹ ਅਸੀਂ ਨਹੀ ਹਾਂ
ਅਸੀਂ ਸਿੱਖੀ ਦੀ ਛਬ ਨਿਖਾਰਦੇ ਹਾਂ
ਜਿਨ੍ਹਾਂ ਚੁੱਕ ਲਏ ਛੱਬੇ ਉਹ ਅਸੀਂ ਨਹੀ ਹਾਂ
ਜਦ ਵੀ ਕਿਸੇ ਜਰਵਾਣੇ ਨੇ ਤੇਗ਼ ਚੁੱਕੀ
ਅਸੀ ਹੱਸ ਕੇ ਅਪਣਾ ਗਲਾ ਕੀਤਾ
ਕੀਤਾ ਵਤਨ ਦੇ ਨਾਲ ਧਰੋਹ ਕੋਈ ਨਾ
ਜੱਦ ਵੀ ਕੀਤਾ ਏ ਵਤਨ ਦਾ ਭਲਾ ਕੀਤਾ
ਸਾਡਾ ਜ਼ਰਾ ਵੀ ਝੂਠ ਨਾਲ ਵਾਸਤਾ ਨਹੀਂ
ਪਲੇ ਗ਼ੱਲ ਸਚਾਈ ਦੀ ਬੰਨ੍ਹੀ ਦੀ ਏ
ਲਾਲੋ ਵਾਂਗਰਾਂ ਨੇਕ ਕਮਾਈ ਕਰਕੇ
ਭਾਗੋ ਵਰਗਿਆਂ ਦੀ ਆਕੜ ਭੰਨੀ ਦੀ ਏ
ਮੇਰੇ ਦੇਸ਼ ਦੇ ਸੋਹਣਿਆਂ ਦਸਤਕਾਰਾ
ਤੇਰੀ ਈਨ ਏਸੇ ਖਾਤਿਰ ਮੰਨੀ ਦੀ ਏ
ਸਾਰੇ ਹਿੰਦੁਸਤਾਨ ਦੇ ਕਾਰਖਾਨੇ
ਬਰਕਤ ਸੈਣੀ ਹਥੌੜੇ ਤੇ ਸੰਨ੍ਹੀ ਦੀ ਏ
ਤੇਰੀ ਹਿੰਮਤ ਦੇ ਆਸਰੇ ਕਲਾਕਾਰਾ
ਚੋਟਾਂ ਨਿਤ ਨਗਾਰੇ ਤੇ ਵਜਦੀਆਂ ਨੇ
ਨਵੀਂ ਦੁਨੀਆਂ ਵਸਾਉਣ ਲਈ ਚੰਦ ਉੱਤੇ
ਨਵੀਆਂ ਗੋਆਂ ਆਕਾਸ਼ ਤੇ ਵੱਜਦੀਆਂ ਨੇ
ਸੱਚੀ ਬਣਤ ਬਣਾਉ ਤੇ ਖਰੇ ਰਹੁਗੇ
ਝੂਠੀ ਬਣਤ ਬਣਾਈ ਵਿਚ ਕੀ ਬਣਦਾ
ਸਾਡਾ ਅਰਸ਼ ਤੇ ਆਰੀਆ ਭੱਟ ਉੱਡਦਾ
ਦੇਖੋ ਕੁੱਰਗ ਹਵਾਈ ਵਿਚ ਕੀ ਬਣਦਾ

ਜਾ ਕੇ ਦੇਖੋ ਬਕਾਰੋ 'ਚ ਕੀ ਬਣਦਾ

ਜਾ ਕੇ ਦੇਖੋ ਭਲਾਈ ਵਿਚ ਕੀ ਬਣਦਾ

ਹੁਣ ਲਗੀ ਲੜਾਈ ਤੇ ਦੇਖ ਲੈਣਾ
ਵੈਰੀ ਨਾਲ ਲੜਾਈ ਵਿਚ ਕੀ ਬਣਦਾ

ਅਸੀਂ ਆਪਣੇ ਵਤਨ ਦੀ ਸਫਲਤਾ ਲਈ
ਜਿੰਨੀ ਟਿੱਲ ਲੱਗੀ ਓਨੀ ਲਾ ਦਿਆਂਗੇ

ਲੈ ਕੇ ਬਾਬੇ ਵਿਸ਼ਕਰਮਾ ਦੀ ਓਟ ਆਪੇ
ਦੁਸ਼ਮਨ ਦੇਸ਼ ਦੇ ਛੱਕੇ ਛੁਡਾ ਦਿਆਂਗੇ

ਜੇ ਨਾ ਬਾਬਾ ਵਿਸ਼ਕਰਮਾ ਦਾ ਜਨਮ ਹੁੰਦਾ
ਕੋਝਾ ਸਾਰੇ ਦਾ ਸਾਰਾ ਸੰਸਾਰ ਹੁੰਦਾ

ਕੁਈ ਨਾ ਮਹਿਲ ਸੁਦਾਮੇ ਦੇ ਉਸਰ ਸਕਦੇ
ਭਾਵੇਂ ਆਪ ਵੀ ਕ੍ਰਿਸ਼ਨ ਮੁਰਾਰ ਹੁੰਦਾ

ਜੇ ਨਾ ਲੰਕਾ ਸਮੁੰਦਰ ਤੇ ਪੁਲ ਬਝਦਾ
ਲਸ਼ਕਰ ਰਾਮ ਦਾ ਕਦੇ ਨਾ ਪਾਰ ਹੁੰਦਾ

ਸਤੀ ਸੀਤਾ ਦਾ ਰਾਮ ਭਗਵਾਨ ਤਾਈਂ
ਜੁਗਾਂ ਤੀਕ ਨਾ ਕਦੇ ਦੀਦਾਰ ਹੁੰਦਾ

ਸਫ਼ਰੀ ਆਪਣੇ ਵਤਨ ਦੀ ਸਫਲਤਾ ਲਈ
ਰਲ ਮਿਲ ਆਪਾਂ ਲਾ ਤਾਣ ਦੇਣਾ

ਜਿੰਦ ਜਾਏ ਤਾਂ ਜਾਏ ਬੇਸ਼ਕ ਸਾਡੀ
ਆਇਆ ਸਮਾਂ ਨੀ ਹੱਥ ਚੋਂ ਜਾਣ ਦੇਣਾ

----

5. ਸ਼ਹੀਦ ਭਗਤ ਸਿੰਘ

ਸਤਿਲੁਜ ਪੁਛਦਾ ਸੁੱਤਿਓ ਬਿਰਛੋ!
ਇਹ ਕੀ ਭਾਣਾ ਵਰਤ ਗਿਆ ਹੈ
ਰਾਤ ਹਨ੍ਹੇਰੀ, ਹਡੀਆਂ ਕਚੀਆਂ
ਕਿਉਂ ਕੋਈ ਸੁੱਟ ਕੇ ਪਰਤ ਗਿਆ ਹੈ
ਕਿਸ ਵਿਹੜੇ ਵਿਚ ਸੋਗ ਵਰਤਿਆ
ਕਿਸ ਅੱਮੜੀ ਦਾ ਪੁੱਤਰ ਮੋਇਆ
ਕਿਸ ਬਦ ਕਿਸਮਤ ਦੀ ਲਾਸ਼ ਹੈ ਜਿਹਨੂੰ
ਕੱਫਣ ਤੱਕ ਨਸੀਬ ਨੀ ਹੋਇਆ
ਹੇ ਸਤਿਲੁਜ ਦੀਓ ਡੂੰਘੀਓ ਲਹਿਰੋ
ਅੱਜ ਵਤਨਾਂ ਦੀ ਲਾਜ ਬਚਾ ਲਉ
ਇਹ ਭਾਰਤ ਦਾ ਲਾਲ ਅਮੁੱਲਾ
ਅੜੀਉ ਇਸ ਨੂੰ ਹਿੱਕ ਨਾਲ ਲਾ ਲਉ
ਭਗਤ ਸਿੰਘ ਜਦ ਹਸਦਾ ਹਸਦਾ
ਫ਼ਾਂਸੀ ਦੇ ਤਖ਼ਤੇ ਤੇ ਚੜ੍ਹਿਆ
ਜਦੋਂ ਜਲਾਦਾਂ ਡੋਰੀ ਖਿੱਚੀ
ਆਸ਼ਕ ਨੇ ਇਹ ਮਿਸਰਾ ਪੜ੍ਹਿਆ
ਸਿਰ ਵੇਚਣ ਦੀ ਇਕ ਤਮੰਨਾ
ਅੱਜ ਅਸਾਡੇ ਦਿਲ ਵਿਚ ਹੋਈ
ਲਹੂਆਂ ਦੇ ਵਣਜਾਰਿਓ ਆਵੋ!
ਆਵੋ ਲਹੂ ਖਰੀਦੋ ਕੋਈ!!
ਧੋਖੇ ਬਾਜ਼ ਫ਼ਰੰਗੀ ਨਹੀ ਹਾਂ
ਦਿਲ ਦੀ ਘੁੰਡੀ ਖੋਹਲ ਦਿਆਂਗਾ
ਦਿਉ ਆਜ਼ਾਦੀ ਮੈਂ ਰੱਤ ਅਪਣੀ
ਕੌਡਾਂ ਦੇ ਭਾਅ ਤੋਲ ਦਿਆਂਗਾ
ਅੱਧ ਕੱਚੇ ਜਦ ਅਸਤ ਜਲਾਦਾਂ
ਸਤਿਲੁਜ ਵਿਚ ਵਗਾਹ ਕੇ ਮਾਰੇ
ਛੇਕੋ ਛੇਕ ਪ੍ਰਿਥਵੀ ਹੋ ਗਈ
ਝੁਲਸ ਗਏ ਅੰਬਰ ਦੇ ਤਾਰੇ
ਵਕਤ ਦੇ ਹਾਕਮ ਅੰਨ੍ਹੇ ਹੋ ਗਏ
ਵਕਤ ਦੇ ਹਾਕਮ ਬੋਲੇ ਹੋ ਗਏ
ਇਕ ਸਤਿਲੁਜ ਨੀ ਸੜਿਆ ਹਾਏ!

ਪੰਜੇ ਦਰਿਆ ਕੋਲੇ ਹੋ ਗਏ
ਭਗਤ ਸਿੰਘ ਦੀ ਮਾਂ ਵਰਗੀ ਕੁਈ
ਹੋਰ ਜਗਤ ਵਿਚ ਮਾਂ ਨਹੀਂ ਹੈ
ਇਸ ਦੀ ਠੰਢੜੀ ਛਾਂ ਵਰਗੀ ਕੁਈ
ਹੋਰ ਜਗਤ ਵਿਚ ਛਾਂ ਨਹੀਂ ਹੈ
ਜਿਸ ਪੁੱਤਰ ਦੀ ਲਾਸ਼ ਦੇ ਉਤੇ
ਮਿਠੜੇ ਗੀਤ ਵਤਨ ਦੇ ਗਾਏ
ਉਸ ਅਮੜੀ ਦੇ ਕਦਮਾਂ ਉਤੇ
ਸਜਦੇ ਕਰਨ ਫਰਿਸ਼ਤੇ ਆਏ
ਭਗਤ ਸਿੰਘ ਦੀ ਭੈਣ ਨੂੰ ਪੁੱਛੋ
ਜਿਨ ਵਤਨਾਂ ਨੂੰ ਵੀਰਾ ਦਿਤਾ
ਅਸੀਂ ਓਸ ਨੂੰ ਕੌਡਾਂ ਦਿਤੀਆਂ
ਉਸ ਨੇ ਸਾਨੂੰ ਹੀਰਾ ਦਿਤਾ
ਆਸ਼ਕ ਸੌਂ ਗਏ ਮੜ੍ਹੀਆਂ ਦੇ ਵਿਚ
ਕੰਨਾਂ ਵਿਚ ਕੰਨਸੋ ਨਹੀਂ ਹੈ
ਫੁੱਲ ਮਜ਼ਾਰਾਂ ਤੇ ਨਾ ਚਾਹੜੋ
ਫੁੱਲਾਂ ਵਿਚ ਖ਼ੁਸ਼ਬੋ ਨਹੀਂ ਹੈ
ਆਸ਼ਕ ਦੇ ਕੇ ਜਾਨ ਵਤਨ ਨੂੰ
ਭਲਾ ਦੇਸ਼ ਦਾ ਕਰ ਜਾਂਦੇ ਨੇ
ਦੁੱਖ ਗ਼ੁਲਾਮੀ ਦਾ ਨੀ ਸਹਿੰਦੇ
ਮੌਤ ਤਸੀਹਾ ਜਰ ਜਾਂਦੇ ਨੇ
ਕਿਸ਼ਨ ਸਿੰਘ ਦਾ ਦੇਸ਼ ਲਈ ਜਾਂ
ਖ਼ਾਨਦਾਨ ਬਰਬਾਦ ਨਾ ਹੁੰਦਾ
ਕਈਆਂ ਸਦੀਆਂ ਤੀਕਰ ਸਫ਼ਰੀ
ਇਹ ਭਾਰਤ ਆਜ਼ਾਦ ਨਾ ਹੁੰਦਾ।

----

6. ਸ਼ਹੀਦ ਊਧਮ ਸਿੰਘ

ਐ ਪੰਜਾਬ ਤੇਰਾ ਸਿਰ ਉੱਚਾ ਅੰਬਰ ਤੈਨੂੰ ਦਵੇ ਵਧਾਈਆਂ
ਊਧਮ ਸਿੰਘ ਸ਼ਹੀਦ ਨੀ ਆਇਆ ਅੱਜ ਉਹਦੀਆਂ ਅਸਤੀਆਂ ਆਈਆਂ

ਇਨ੍ਹਾਂ ਅਸਤੀਆਂ ਵਿਚ ਅਜੇ ਵੀ ਬਦਲੇ ਦੀ ਅੱਗ ਭੜਕ ਰਹੀ ਹੈ
ਕਬਰ 'ਚ ਸੁੱਤੇ ਐਡਵਾਇਰ ਦੀ ਅਜੇ ਵੀ ਛਾਤੀ ਧੜਕ ਰਹੀ ਹੈ

ਇਨ੍ਹਾਂ ਅਸਤੀਆਂ ਵਿਚ ਅਜੇ ਵੀ ਸੱਜਰਾ ਜੋਬਨ ਟਹਿਕ ਰਿਹਾ ਹੈ
ਆਸ਼ਕ ਸੜ ਕੇ ਕੋਇਲਾ ਹੋ ਗਏ ਇਸ਼ਕ ਵਤਨ ਦਾ ਮਹਿਕ ਰਿਹਾ ਹੈ

ਪੱਥਰ ਦੇ ਮਹਿਲਾਂ ਨਾਲ ਵੱਜ ਕੇ ਇੱਕ ਸ਼ੀਸ਼ਾ ਦਿਲ ਪਟਕ ਗਿਆ ਸੀ
ਭਗਤ ਸਿੰਘ ਵੀ ਦੇਸ਼ ਦੀ ਖ਼ਾਤਿਰ ਫ਼ਾਂਸੀ ਉਤੇ ਲਟਕ ਗਿਆ ਸੀ

ਕਿੰਨੀਆਂ ਕੂ ਮਾਵਾਂ ਜਿਨ੍ਹਾਂ ਨੇ ਅਪਣੇ ਸੀਨੇ ਚਾਕ ਕਰਾਏ
ਹੀਰਿਆਂ ਵਰਗੇ ਪੁੱਤ ਜਿਨ੍ਹਾਂ ਨੇ ਵਤਨਾਂ ਉਤੋਂ ਘੋਲ ਘੁਮਾਏ

ਐ ਪੰਜਾਬ ਮੈਂ ਤੈਨੂੰ ਪੁਛਦੈਂ ਇਹ ਕੀ ਤੇਰੇ ਮਨ ਨੂੰ ਭਾਇਆ
ਅੱਜ ਤੇ ਨੀਰ ਵੀ ਮਹਿੰਗਾ ਵਿਕਦਾ ਤੂੰ ਕਿਉਂ ਲਹੂ ਸਵੱਲੜਾ ਲਾਇਆ

ਊਧਮ ਸਿੰਘਾ ਇਸ਼ਕ ਵਤਨ ਦਾ ਤੂੰ ਹਰ ਦਮ ਰੁਸ਼ਨਾਈ ਰਖਿਆ
ਅੰਮਿਤਸਰ ਦਾ ਖ਼ੂਨੀ ਨਕਸ਼ਾ ਤੂੰ ਛਾਤੀ ਨਾਲ ਲਾਈ ਰਖਿਆ

ਤੂੰ ਇਹ ਸਾਬਿਤ ਕੀਤਾ ਹਿੰਦੀ ਹਰ ਮੁਸ਼ਕਲ ਕਰ ਤੈ ਸਕਦੇ ਨੇ
ਓਹਨਾਂ ਪੁੱਤਾਂ ਤੱਕ ਪੰਜਾਬੀ ਪਿਉ ਦਾ ਬਦਲਾ ਲੈ ਸਕਦੇ ਨੇ

ਓ ਡਾਇਰ ਤੂੰ ਜਦ ਵੀ ਗੋਲੀ ਜਲ੍ਹਿਆਂ ਵਾਲੇ ਬਾਗ਼ ਚਲਾਈ
ਤੂੰ ਹੀ ਦੱਸ ਖਾਂ ਸੇਜਾ ਉਤੇ ਤੈਨੂੰ ਨੀਂਦ ਕਦੇ ਸੀ ਆਈ

ਊਧਮ ਸਿੰਘ ਨੇ ਤੇਰੇ ਉਤੇ ਇੱਕ ਵੱਡਾ ਉਪਕਾਰ ਕਮਾਇਆ
ਤਿੰਨ ਗੋਲੀਆਂ ਮਾਰ ਕੇ ਤੈਨੂੰ ਸਦਾ ਦੀ ਮਿੱਠੀ ਨੀਂਦ ਸੁਆਇਆ

ਅੰਮ੍ਰਿਤਸਰ ਦੇ ਮਹਾਂ ਸ਼ਹੀਦੋ ਜਲ੍ਹਿਆਂ ਵਾਲੇ ਬਾਗ਼ ਦੇ ਵੀਰੋ
ਜਾਗੋ ਜਾਗੋ ਮੜ੍ਹੀਆਂ ਵਿਚੋਂ ਆਪੋ ਅਪਣੀ ਛਾਤੀ ਚੀਰੋ

ਭਗਤ ਸਿੰਘ ਤੇ ਰਾਜ ਗੁਰੂ ਜੀ ਜਾਗ ਪਵੇ ਸੁਖਦੇਵ ਭਰਾਵੇ
ਚੰਦਰ ਸ਼ੇਖਰ ਵੀਰ ਸਰਾਭੇ ਆਪੋ ਅਪਣਾ ਪਿਆਰ ਜਤਾਵੇ

ਉਠੋ ਸ਼ਹੀਦੋ ਘੁੱਟ ਕੇ ਮਿਲ ਲਉ ਅਸਤੀਆਂ ਕੋਈ ਲਿਆਇਆ ਤਾਂ ਹੈ
ਕਿਸੇ ਰੂਪ ਵਿਚ ਆਇਆ ਭਾਵੇਂ ਵੀਰ ਵਲੈਤੋਂ ਆਇਆ ਤਾਂ ਹੈ

ਨੈਣ ਪਛਾਣੋਂ, ਰੂਪ ਪਛਾਣੋਂ ਨਕਸ਼ ਪਛਾਣੋਂ ਸ਼ਕਲ ਪਛਾਣੋਂ
ਕਿਵੇਂ ਦੇਸ਼ ਦਾ ਬਦਲਾ ਲੀਤਾ ਇਸ ਗਭਰੂ ਦੀ ਅਕਲ ਪਛਾਣੋ

ਵਤਨਾਂ ਦੇ ਖੁਸ਼ ਫ਼ਹਿਮ ਰਾਜਿਉ ਇੱਕ ਗੱਲ ਅਪਣੇ ਕੰਨੀ ਪਾਉ
ਜੰਮ ਜੰਮ ਬੀਬਾ ਰਾਜ ਕਮਾਉ ਅਪਣਾ ਸਿੱਕਾ ਖੂਬ ਚਲਾਉ

ਸੱਚ ਪੁਛੋ ਤੇ ਇਨ੍ਹਾਂ ਸ਼ਹੀਦਾਂ ਨੇ ਹੀ ਤੁਹਾਨੂੰ ਤਖ਼ਤ ਬਿਠਾਇਆ
ਅਪਣੇ ਸਿਰ ਦਾ ਖੋਪਰ ਲ਼ਾਹਕੇ ਤੁਹਡੇ ਸਿਰ ਦਾ ਤਾਜ ਬਣਾਇਆ

ਇੱਕ ਗੱਲ ਤੁਹਾਨੂੰ ਵੀ ਮੈਂ ਪੁਛਦੈਂ ਵਤਨਾਂ ਦੇ ਸਰਮਾਏ ਦਾਰੋ
ਆਦਮ ਖੋਰ ਜ਼ਖੀਰੇ ਬਾਜ਼ੋ ਨਿਰੇ ਨੇਰਿਉ ਚੋਰ ਬਾਜ਼ਾਰੋ

ਆਪੋ ਅਪਣੇ ਢਿਡ ਦੀ ਖ਼ਾਤਿਰ ਨਾ ਲੋਕਾਂ ਨੂੰ ਭੁਖਿਆਂ ਮਾਰੋ
ਨਾ ਲੋਕਾਂ ਦਾ ਲਹੂ ਨਚੋੜੋ ਨਾ ਲਹੂਆਂ ਵਿਚ ਕਿਸ਼ਤੀ ਤਾਰੋ

ਇੱਕ ਘੜੀ ਵਤਨਾਂ ਦੇ ਉਤੇ ਏਸ ਤਰਾਂ ਦੀ ਆ ਜਾਵੇਗੀ
ਤੁਸੀਂ ਕਣਕ ਨੂੰ ਖਾਣਾ ਚਹੁਨੈ ਕਣਕ ਤੁਹਾਨੂੰ ਖਾ ਜਾਵੇਗੀ

---

7. ਮਹਾਰਾਣੀ ਜਿੰਦਾਂ

ਜਿੰਦਾਂ ਦੇਸ਼-ਨਕਾਲੇ ਦਾ ਹੁਕਮ ਸੁਣ ਕੇ
ਮੱਛੀ ਵਾਂਗ ਤੜਪੀ ਤਲਮਲਾਉਣ ਲੱਗੀ

ਸਤਿਲੁਜ ਵਿਚ ਨਾ ਨ੍ਹਾਉਣਾ ਨਸੀਬ ਹੋਇਆ
ਅਪਣੇ ਹੰਝੂਆਂ ਵਿੱਚ ਹੀ ਨ੍ਹਾਉਣ ਲੱਗੀ

ਜਾਂਦੀ ਜਾਂਦੀ ਸਭਰਾਵਾਂ ਵਲ ਮੂੰਹ ਕਰਕੇ
ਸੁੱਤੇ ਸ਼ਾਮ ਸਿੰਘ ਨੂੰ ਇਹ ਸੁਣਾਉਣ ਲੱਗੀ

ਜਿੰਦਾਂ ਸਦਾ ਲਈ ਤਖ਼ਤ ਲਾਹੌਰ ਛਡਿਆ
ਵਾਪਸ ਪਰਤ ਲਾਹੌਰ ਨਹੀਂ ਆਉਣ ਲੱਗੀ

ਸ਼ੇਖੂ ਪੁਰਿਓਂ ਫੀਰੋਜ਼ਪੁਰ ਫੇਰ ਕਾਸ਼ੀ
ਕੇਡਾ ਪੰਧ ਲੰਬਾ ਪੈਦਲ ਮਾਰਿਆ

ਗਹਿਣੇ ਖੁੱਸ ਗਏ, ਪੈਨਸ਼ਨ ਜ਼ਬਤ ਹੋ ਗਈ
ਨਗ਼ਦ ਨਾਮਾ ਵੀ ਸਾਰਾ ਡਕਾਰਿਆ ਗਿਆ

ਭੁਬੀਂ ਰੋਈ ਰਣਜੀਤ ਨੂੰ ਯਾਦ ਕਰਕੇ
ਹਦੋਂ ਵੱਧ ਜਦ ਕਹਿਰ ਗੁਜ਼ਾਰਿਆ ਗਿਆ

ਐਸਾ ਫੁੱਟ ਕੁਲਹਿਣੀ ਨੇ ਵਾਰ ਕੀਤਾ
ਧੱਜੀਆਂ ਉਡ ਗਈਆਂ ਤਖ਼ਤ ਤਾਜ ਦੀਆਂ

ਚੜ੍ਹਤ ਸਿੰਘ ਸਰਦਾਰ ਦੀ ਕੋਹੇਂ
ਚੜ੍ਹਤਾਂ ਖ਼ਤਮ ਹੋਈਆਂ ਤੇਰੇ ਰਾਜ ਦੀਆਂ

ਇੱਕ ਦਿਨ ਕਿਲੇ ਚਨਾਰ ਦੀ ਕੰਧ ਟੱਪ ਕੇ
ਰਾਣੀ ਫ਼ਰਸ਼ ਤੇ ਤਰਲਿਆਂ ਨਾਲ ਪਹੁੰਚੀ

ਅੱਗੇ ਵਧੀ ਤਾਂ ਸ਼ੂਕਦੀ ਨਦੀ ਵੇਖੀ
ਪਹੁੰਚੀ ਪਾਰ ਪਰ ਹੋ ਬੇਹਾਲ ਪਹੁੰਚੀ

ਕਿਧਰੇ ਲਾਡਲਾ ਪੁੱਤਰ ਦਲੀਪ ਮਿਲ ਜਾਏ
ਦਿਲ ਵਿੱਚ ਰੱਖਕੇ ਇਹ ਖ਼ਿਆਲ ਪਹੁੰਚੀ

ਕੋਹਿਨੂਰ ਦੇ ਹੀਰੇ ਦੀ ਅਸਲ ਵਾਰਿਸ
ਟੁਕੜੇ ਮੰਗਦੀ ਜਿੰਦਾਂ ਨਿਢਾਲ ਪਹੁੰਚੀ

ਰਾਣੇ ਜੰਗ ਬਹਾਦਰ ਦੇ ਰਹਿਮ ਥੱਲ੍ਹੇ
ਜਿਵੇਂ ਗੁਜ਼ਰਿਆ ਵਰਤ ਗੁਜ਼ਾਰਦੀ ਰਹੀ

ਪੂਰਨ ਪੁੱਤ ਨਾ ਤਕਣਾ ਨਸੀਬ ਹੋਇਆ
ਇਛਰਾਂ ਵਾਂਗ ਦੁਹੱਥੜਾਂ ਮਾਰਦੀ ਰਹੀ

ਮੁੱਦਤ ਬਾਅਦ ਕਲਕੱਤਾ ਦਲੀਪ ਪਹੁੰਚਾ
ਬੋਲੀ ਮਾਂ ਦਾ ਮੈਂ ਹੰਝੂ ਕੇਰ ਰਹੀ ਹਾਂ

ਜਿਨ੍ਹੀਂ ਰਾਹੀਂ ਤੂੰ ਲੇਡਣੋਂ ਆਇਉਂ ਪੁੱਤਰਾ
ਉਨ੍ਹੀਂ ਰਾਹੀਂ ਮੈਂ ਮੋਤੀ ਖਲੇਰ ਰਹੀ ਹਾਂ

ਟੋਹਿਆ ਸੀਸ ਤੇ ਸੀਸ ਤੇ ਕੇਸ ਕੋਈ ਨਾ
ਬੋਲੀ ਇਹ ਕੀ ਤੱਕ ਹਨੇਰ ਰਹੀ ਹਾਂ

ਇਉਂ ਜਾਪਦਾ ਜਿਵੇਂ ਮੈਂ ਹੱਥ ਆਪਣਾ
ਮੋਏ ਪੁੱਤਰ ਦੀ ਲਾਸ਼ ਤੇ ਫੇਰ ਰਹੀ ਹਾਂ

ਰਾਜ ਭਾਗ ਵੀ ਗਿਆ, ਤਖ਼ਤ ਤਾਜ ਵੀ ਗਿਆ
ਹੈਸੀ ਸਿੱਖੀ ਦਾ ਘਰ ਵਿਚ ਖਜ਼ਾਨਾ ਮੇਰਾ

ਹਾਏ! ਹਾਏ! ਰੱਬਾ ਉਹ ਵੀ ਕੱਟਿਆ ਗਿਆ
ਕਿਵੇਂ ਕੇਸ ਬੇਦਰਦਾਂ ਨੇ ਕਤਲ ਕੀਤੇ

ਸਾਰਾ ਰਾਜ ਡਲਹੌਜ਼ੀ ਨੂੰ ਸੌਂਪ ਆਂਇਉਂ
ਕਿਵੇਂ ਦਿਲ ਮੰਨਿਆ ਭੋਲਾ ਭਾਲਾ ਤੇਰਾ

ਮੇਰੇ ਲਾਲ ਅੱਜ ਮੈਨੂੰ ਨੀ ਨਜ਼ਰ ਆਉਂਦਾ
ਭਰਿਆ ਲਾਲਾਂ ਨਾਲ ਆਲਾ ਦੁਆਲਾ ਤੇਰਾ

ਜਿੰਦਾਂ ਮੁੱਕਦੀ ਮੁੱਕਦੀ ਮੁੱਕ ਚੱਲੀ
ਅਜੇ ਮੁੱਕਾ ਨੀ ਦੇਸ਼ ਨਿਕਾਲਾ ਤੇਰਾ

ਦੁਖੀਏ ਮਾਂ ਪੁਤ ਵੱਸੇ ਵਲੈਤ ਤੁਰ ਗਏ
ਨਲੂਆ ਹੁੰਦਾ ਤਾਂ ਮੁੱਛ ਮਰੋੜ ਲੈਂਦਾ

ਸਿੱਖ ਰਾਜ ਦੇ ਅੰਤਮ ਸ਼ਹਿਨਸ਼ਾਹ ਨੂੰ

ਵਾਪਸ ਦੇਸ ਪੰਜਾਬ ਨੂੰ ਮੋੜ ਲੈਂਦਾ
ਮਹਾਰਾਜ਼ਾ ਦਲੀਪ ਵਲੈਤ ਵਿਚ ਵੀ
ਜਾ ਕੇ ਕਸ਼ਟ ਅਨੇਕ ਉਠਾਉਂਦਾ ਤੱਕਿਆ
ਰੋਮ, ਮਾਸਕੋ ਜਰਮਨ ਫਰਾਂਸ ਪੈਰਸ
ਅਪਣੇ ਵਤਨ ਲਈ ਵਾਸਤੇ ਪਾਉਂਦਾ ਤੱਕਿਆ
ਮੋਈ ਮਾਂ ਤੋਂ ਨਿਰਬਦਾਂ ਲਾਸ਼ ਆਂਦੀ
ਪੁਤਰ ਰੱਤ ਦੇ ਹੰਝੂ ਵਹਾਉਂਦਾ ਤੱਕਿਆ
ਸੜ ਗਏ ਪੰਜਾਂ ਦਰਿਆਵਾਂ ਦੇ ਲੇਖ ਜਿਸ ਲੇ
ਕੱਲਾ ਚਿਤਾ ਨੂੰ ਅੱਗ ਦਖਾਉਂਦਾ ਤੱਕਿਆ
ਪੜ੍ਹਿਆ ਕੀਰਤਨ ਸੋਹਲਾ ਅਰਦਾਸ ਕੀਤੀ
ਪੂਰੇ ਕਰ ਸਾਰੇ ਸੰਸਕਾਰ ਦਿਤੇ
ਪੁੱਤਰ ਬੋਲਿਆ ਮਾਂ ਨੂੰ ਵਿਦਾ ਕਰਕੇ
ਮੈਥੋਂ ਅੰਮੀਏ ਫਰਜ਼ ਨਿਭਾਇਆ ਨੀ ਗਿਆ
ਮੇਰੀ ਲਾਸ਼ ਨੂੰ ਪੁੱਤਰਾ ਲਾਹੌਰ ਲੈ ਜਾਈਂ
ਤੂੰ ਕਿਹਾ ਸੀ ਮੈਥੋਂ ਲੈਜਾਇਆ ਨੀ ਗਿਆ
ਤੇਰਾ ਸਾਹਿਬ ਰਣਜੀਤ ਦੀ ਮੜ੍ਹੀ ਦਾ ਵੀ
ਤੈਨੂੰ ਆਖ਼ਰੀ ਦਰਸ਼ਨ ਕਰਾਇਆ ਨਹੀਂ ਗਿਆ
ਮੋਈ ਦੇਸ਼ ਪੰਜਾਬ ਦੀ ਮਹਾਰਾਣੀ
ਉਤੇ ਕਫ਼ਨ ਪੰਜਾਬ ਦਾ ਪਾਇਆ ਨਹੀਂ ਗਿਆ
ਵਾਪਸ ਪਰਤਿਆ ਮਾਂ ਨੂੰ ਦਾਗ ਦੇ ਕੇ
ਸੰਸਕਾਰ ਸਾਰੇ ਪੂਰੇ ਕਰ ਗਿਆ ਉਹ
ਆਖਿਰ ਪੈਰਸ ਦੇ ਕਿਸੇ ਮੁਕਾਮ ਉਤੇ
ਵਤਨ ਵਾਸਤੇ ਜੂਝਦਾ ਮਰ ਗਿਆ ਉਹ।

----

8. ਬੰਦਾ ਬਹਾਦਰ

ਦਸਮ ਪਿਤਾ ਨੇ ਅੰਮ੍ਰਿਤ ਦੀ ਦਾਤ ਦੇ ਕੇ
ਬੰਦਾ ਸਿੰਘ ਜੀ ਤੇ ਪਰ ਉਪਕਾਰ ਕੀਤਾ

ਪੀ ਕੇ ਅੰਮ੍ਰਿਤ ਦਸ਼ਮੇਸ਼ ਦਾ ਬੀਰ ਬੰਦੇ
ਰਣ ਵਿਚ ਹਰ ਕੌਤਕ ਅਲੋਕਾਰ ਕੀਤਾ

ਦਿਸਿਆ ਆਰ ਨਾ ਧਰਮ ਦਾ ਕੁਈ ਵੈਰੀ
ਜੋ ਵੀ ਸਾਹਮਣੇ ਆਇਆ ਉਹ ਪਾਰ ਕੀਤਾ

ਕੀਤਾ ਉਹ ਮੈਦਾਨ ਵਿੱਚ ਬੀਰ ਬੰਦੇ
ਜੋ ਅਜੀਤ ਕੀਤਾ ਜੋ ਜੁਝਾਰ ਕੀਤਾ

ਜਜ਼ਬੇ ਹੋਰ ਵੀ ਸਿੰਘਾਂ ਦੇ ਉਭਰਦੇ ਗਏ
ਜਿਥੇ ਜਿਥੇ ਵੀ ਤੇਗ਼ ਉਤਾਰਦਾ ਗਿਆ

ਕਬਰਾਂ ਵਿੱਚ ਵੀ ਸੁੱਤਿਆਂ ਦੁਸ਼ਮਣਾਂ ਨੂੰ
ਦੋਹਰੀ ਵਾਰ ਜਗਾ ਕੇ ਮਾਰਦਾ ਗਿਆ

ਪੰਜਾ ਬਾਣੀਆਂ ਪੜ੍ਹ ਕੇ ਦਸ਼ਮੇਸ਼ ਜੀ ਨੇ
ਬੰਦੇ ਬੀਰ ਨੂੰ ਤਾਕਤ ਮਹਾਨ ਬਖ਼ਸ਼ੀ

ਪੰਜਾਂ ਮੌਤ ਕੁਲਹਿਣੀ ਨਾ ਪਾਉਣ ਦੇ ਲਈ
ਪੰਜ ਤੀਰ ਬਖ਼ਸ਼ੇ ਤੇ ਕਮਾਨ ਬਖ਼ਸ਼ੀ

ਜਾਨ ਤਲੀ ਤੇ ਰੱਖ ਕੇ ਕਿਹਾ ਬੰਦੇ
ਹੁਣ ਨਹੀਂ ਵੈਰੀ ਦੀ ਜਾਏਗੀ ਜਾਨ ਬਖ਼ਸ਼ੀ

ਮਾਰ ਲਿਆ ਸਮਾਣਾ ਸਢੌਰਾ
ਹਰ ਦੁਸ਼ਮਨ ਦੇ ਪੈਰ ਉਖੇੜ ਦਿੱਤੇ

ਫੜ ਕੇ ਤੇਗ਼ ਦਸ਼ਮੇਸ਼ ਦੇ ਲਾਡਲੇ ਨੇ
ਬੇਈਮਾਨਾਂ ਦੇ ਬਖੀਏ ਉਧੇੜ ਦਿੱਤੇ

ਪੈਰ ਮੁਗ਼ਲ ਹਕੂਮਤ ਦੇ ਲੜਖੜਾਏ
ਲੜੀ ਹਰ ਭਿਆਨਕ ਲੜਾਈ ਬੰਦੇ

ਗੰਗਾ ਮਾਤਾ ਵੀ ਮੂੰਹੋ ਸ਼ਾਬਾਸ਼ ਆਖੀ
ਐਸੀ ਗੰਗੂ ਨੂੰ ਖੀਰ ਖੁਆਈ ਬੰਦੇ
ਵਹੀਆਂ ਫੋਲ ਕੇ ਪਾਪੀ ਵਜ਼ੀਰ ਖ਼ਾਂ ਦਾ
ਲੇਖਾ ਸਾਫ਼ ਕੀਤਾ ਪਾਈ ਪਾਈ ਬੰਦੇ

ਲਹਿੰਦੇ ਪਾਸੇ 'ਚ ਸੂਰਜ ਘਰੋਣ ਦੀ ਥਾਂ
ਜਾ ਕੇ ਚੜ੍ਹਦੇ 'ਚ ਭਾਵੇਂ ਘਰੋ. ਸਕਦਾ

ਬੰਦਾ ਸਿੰਘ ਬਹਾਦਰ ਦੇ ਤੁੱਲ ਕੋਈ
ਹੋਰ ਦੂਸਰਾ ਸਿੱਖ ਨਹੀਂ ਹੋ ਸਕਦਾ

ਉਹਦੀ ਪਿਤਾ ਦਸ਼ਮੇਸ਼ ਨੇ ਪਰਖ ਕੀਤੀ
ਉਹਦਾ ਸਿਦਕ ਅਜ਼ਮਾਇਆ ਉਹ ਡੋਲਿਆ ਨਾ

ਉਹਦੇ ਪੁੱਤ ਦਾ ਕਾਲਜਾ ਹਾਏ ਰੱਬਾ
ਉਹਦੇ ਮੂੰਹ 'ਚ ਪਾਇਆ ਉਹ ਡੋਲਿਆ ਨਾ

ਉਹਦਾ ਧਰਮ ਛੁਡਾਉਣ ਲਈ ਜ਼ਾਲਮਾਂ ਨੇ
ਜ਼ੋਰ ਰੱਜ ਕੇ ਲਾਇਆ ਉਹ ਡੋਲਿਆ ਨਾ

ਸਿੰਘ ਸੂਰਮਾ ਗੁਰੂ ਗੋਬਿੰਦ ਸਿੰਘ ਦਾ
ਸਿੱਖੀ ਸਿਦਕ ਉਤੋਂ ਜੇਕਰ ਡੋਲ ਜਾਂਦਾ

ਨਹੀਂ ਕੱਲੇ ਪੰਜਾਬ ਦੀ ਗੱਲ
ਘੁੱਗੂ ~~ਸਾਰੇ ਪੰਜਾਬ~~ ਦਾ ਬੋਲ ਜਾਂਦਾ

ਬੰਦਾ ਪਿਤਾ ਦਸ਼ਮੇਸ਼ ਦਾ ਰਿਹਾ ਬੰਦਾ
ਨਾਮ ਬੰਦਿਆਂ ਵਿਚ ਲਿਖਵਾ ਗਿਆ ਏ

ਜਿਹੜੇ ਪਿਤਾ ਦਸ਼ਮੇਸ਼ ਨੇ ਬਚਨ ਕੀਤੇ
ਪਰਨ ਸਾਰੇ ਦੇ ਸਾਰੇ ਨਿਭਾ ਗਿਆ ਏ

ਲਹੂ ਡੋਹਲ ਕੇ ਅਪਣੇ ਕਾਲਜੇ ਦਾ
ਸਿੱਖ ਧਰਮ ਦੀ ਸ਼ਾਨ ਚਮਕਾ ਗਿਆ ਏ

ਉਹਨੂੰ ਮੌਤ ਨੇ ਖਾਣਾ ਸੀ ਕੀ ਉਹ ਤਾਂ
ਫੜ ਕੇ ਮੌਤ ਕੁਲਹਿਣੀ ਨੂੰ ਖਾ ਗਿਆ ਏ

ਡੁਲ੍ਹਾ ਹੋਇਆ ਸ਼ਹੀਦਾਂ ਦਾ ਖ਼ੂਨ ਸਫ਼ਰੀ
ਤੁਬਕਾ ਇੱਕ ਵੀ ਜ਼ਾਇਆ ਨਹੀਂ ਜਾ ਸਕਦਾ

ਬੀਰ ਬੰਦੇ ਬਹਾਦਰ ਦਾ ਨਾਮ ਸਿੰਘੋ
~~ਭਾਰਤ~~ ਕੋਲੋਂ ਭੁਲਾਇਆ ਨਹੀਂ ਜਾ ਸਕਦਾ

---

9. ਹਵਾ ਸਮੇਂ ਦੀ ਬਦਲ ਗਈ ਏ

ਐ ਕਲਗੀਧਰ ਗੁਰੂ ਗੋਬਿੰਦ ਸਿੰਘ
ਤੇਰੀ ਮਹਿਮਾ ਅਪਰ ਅਪਾਰਾ
ਤੂੰ ਖੰਡੇ ਦੀ ਧਾਰ ਦੇ ਵਿਚੋਂ
ਪੈਦਾ ਕੀਤਾ ਪੰਥ ਪਿਆਰਾ
ਏਸ ਪੰਥ ਦੇ ਚੋਜ ਨਿਰਾਲੇ
ਏਸ ਪੰਥ ਦਾ ਖੇਡ ਨਿਆਰਾ
ਕਦੇ ਸੀਸ ਤੇ ਚੌਰ ਝੁਲੇਂਦਾ
ਕਦੇ ਸੀਸ ਤੇ ਖੂਨੀ ਆਰਾ
ਕਲਗੀਧਰ ਦਾ ਪੰਥ ਖਾਲਸਾ
ਬਾਦਸ਼ਾਹ ਦਰਵੇਸ਼ ਕਰਾਏ
ਜਿਤਨੇ ਇਸ ਨੂੰ ਪੱਥਰ ਵੱਜੇ
ਉਤਨੇ ਇਸ ਨੇ ਫੁੱਲ ਵਰਸਾਏ

ਹਵਾ ਸਮੇਂ ਦੀ ਬਦਲ ਗਈ ਏ
ਅੱਜ ਅੰਬਰ ਅਖੀਆਂ ਬਦਲਾਈਆਂ
ਦੁਨੀਆਂ ਭਰ ਦੀਆਂ ਸੈ ਤੁਅਮਤਾਂ
ਸਿੱਖ ਕੌਮ ਦੇ ਹਿੱਸੇ ਆਈਆਂ
ਸਿੰਘਾਂ ਦੇਸ਼ ਆਜ਼ਾਦ ਕਰਾਇਆ
ਸੈਆਂ ਜਿੰਦਾਂ ਘੋਲ ਘੁਮਾਈਆਂ
ਦੁਸ਼ਮਨ ਅੱਗੇ ਹੱਥ ਨੀ ਬੱਧੇ
ਬੱਧੀਆਂ ਢੱਗਾਂ ਅਸੀਂ ਛੁਡਾਈਆਂ
ਜਿਸ ਕੌਮ ਨੇ ਛਾਵਾਂ ਵੰਡੀਆਂ
ਕੁਲ ਭਾਰਤ ਠੰਢਿਆ ਦਿੱਤਾ ਏ
ਓਸ ਕੌਮ ਨੂੰ ਬੇਦਰਦਾਂ ਨੇ
ਧੁੱਪੇ ਸੁੱਕਣੇ ਪਾ ਦਿਤਾ ਏ

ਖ਼ਾਲਸਿਆਂ ਦੇ ਬਲੀਦਾਨ ਦਾ
ਪੁੱਛੋ ਵੱਜ ਵਜਾ ਕੇ ਪੁੱਛੋ
ਭਗਤ ਸਿੰਘ ਤੇ ਵੀਰ ਸਰਾਭੇ
ਦਾ ਇਤਿਹਾਸ ਦੁਰ੍ਹਾ ਕੇ ਪੁੱਛੋ

ਤੋਪਾਂ ਮੂਹਰੇ ਕੌਣ ਸੜੇ ਸੀ
ਰਾਖ ਮੱਥੇ ਨਾਲ ਲਾ ਕੇ ਪੁੱਛੋ
ਊਧਮ ਸਿੰਘ ਨੇ ਭਾਜੀ ਮੋੜੀ
ਕੋਈ ਲੰਡਨ ਵਿਚ ਜਾ ਕੇ ਪੁੱਛੋ
ਜਲ੍ਹਿਆਂ ਵਾਲੇ ਬਾਗ਼ ਤੋਂ ਪੁੱਛੋ
ਜਾਂ ਬਜਬਜ ਦੇ ਘਾਟ ਤੋਂ ਪੁੱਛੋ
ਕਿਨ ਲੰਡਨ ਨੂੰ ਲੁੰਡੀ ਕੀਤਾ
ਜਾਂ ਫਿਰ ਟੁੰਡੀ ਲਾਟ ਤੋਂ ਪੁੱਛੋ

ਸਨਤਾਲੀ ਵਿਚ ਕਿਹਾ ਗੋਰਿਆਂ
ਦੇਸ਼ ਦਾ ਹੈ ਬਟਵਾਰਾ ਹੁੰਦਾ
ਸਿੱਖੋ ਤੁਹਾਡਾ ਕੱਠਿਆਂ ਰਹਿ ਕੇ
ਹਰਗਿਜ਼ ਨਹੀਂ ਗੁਜ਼ਾਰਾ ਹੁੰਦਾ
ਏਸ ਗੱਲ ਦਾ ਓਸ ਸਮੇਂ ਜੇ
ਸਾਡੇ ਕੋਲ ਹੁੰਘਾਰਾ ਹੁੰਦਾ
ਦਿੱਲੀ ਵਿਚ ਤਰੰਗੇ ਦੀ ਥਾਂ
ਝੁਲਦਾ ਚੰਨ ਸਤਾਰਾ ਹੁੰਦਾ
ਅਹਿਮਦ ਸ਼ਾਹ ਇਬਦਾਲੀ ਵਰਗੇ
ਕਰਦੇ ਫਿਰਕੂ ਰੀਸ ਪਏ ਨੇ,
ਸੀਸ ਗੰਜ ਦੇ ਗਿਰਦੇ ਗਿਰਦੇ
ਅੱਜ ਵੀ ਸਾਡੇ ਸੀਸ ਪਏ ਨੇ

ਅੰਮ੍ਰਿਤਸਰ ਦਾ ਸੰਨ ਚੌਰਾਸੀ
ਹਾਲ ਦੁਹਾਈ ਹਾਲ ਦੁਹਾਈ
ਦੁਖੀ ਕਲੇਜਾ ਇੱਕ ਮਾਂ ਹਾਏ
ਪੁੱਤ ਦੀ ਲਾਸ਼ ਪਛਾਨਣ ਆਈ
ਅੰਮ੍ਰਿਤ ਨਹੀਂ ਉਨ ਚੁਲੀ ਲਹੂ ਦੀ

ਚੁੱਕ ਕੇ ਅਪਣੇ ਸਿਰ ਵਿਚ ਪਾਈ
ਫੁੱਲ ਨਹੀਂ ਅਸੀਂ ਭਖਦੇ ਕੋਲੇ
ਰਾਮ ਦਾਸ ਦੀ ਭੇਟ ਚੜ੍ਹਾਈ
ਕੀ ਦੇਵਣਗੇ ਉੱਤਰ ਜਾ ਕੇ
ਰੱਬ ਦੇ ਘਰ ਵਿਚ ਉਹ ਹਤਿਆਰੇ
ਚਿੜੀਆਂ ਦੇ ਵੀ ਬੋਟ ਜਿਨ੍ਹਾਂ ਨੇ

ਕੰਧਾਂ ਨਾ ਪਟਕਾ ਕੇ ਮਾਰੇ
ਗੁਰ ਨਾਨਕ ਦੀ ਗੱਦੀ ਦੇ ਸੰਗ
ਜਿਸ ਪਾਪੀ ਨੇ ਧਰੋਹ ਕਮਾਇਆ
ਉਸ ਨੇਂ ਆਪਣੀ ਕੀਤੀ ਭੁਗਤੀ
ਉਸ ਨੇ ਆਪਣਾ ਕੀਤਾ ਪਾਇਆ
ਐ ਦੁਨੀਆਂ ਦੇ ਸਿਦਕੀ ਲੋਕੋ
ਕੀ ਕੁਈ ਤੁਸੀਂ ਅੰਦਾਜ਼ਾ ਲਾਇਆ
ਕਿਉਂ ਦਿਲ ਵਿਚ ਦੜ ਦੜ ਹੋਈ
ਰਸ਼ੀਆ ਵਿਚ ਭੂਚਾਲ ਕਿਉਂ ਆਇਆ?
ਸਿੱਖੀ ਹੈ ਇੱਕ ਸੱਚਾ ਸੌਦਾ
ਇਸ ਵਿਚ ਹੇਰ ਤੇ ਫੇਰ ਨਹੀਂ ਹੈ
ਮੇਰੇ ਸਤਿਗੁਰ ਨਾਨਕ ਦੇ ਘਰ
ਦੇਰ ਤਾਂ ਹੈ ਅੰਧੇਰ ਨਹੀਂ ਹੈ।

ਸੁੱਖਾ ਸਿੰਘ ਮਹਿਤਾਬ ਸਿੰਘ ਨੇ
ਮੱਸਾ ਰੰਘੜ ਜਾ ਝਟਕਾਇਆ
ਖਾਨ ਵਜੀਦਾ ਅਸੀਂ ਮਾਰਿਆ
ਅਹਿਮਦ ਸ਼ਾਹ ਨੂੰ ਅਸੀਂ ਭਜਾਇਆ
ਊਧਮ ਸਿੰਘ ਨੇ ਉੱਨੀ ਸਾਲੀਂ
ਜਾ ਗੋਰੇ ਨੂੰ ਸਬਕ ਸਿਖਾਇਆ
ਜਿਹਨੇ ਵੀ ਸਾਨੂੰ ਨਿਉਂਦਰਾ ਪਾਇਆ
ਅਸੀਂ ਚੌਗੁਣਾ ਕਰ ਪਰਤਾਇਆ
ਉੱਚੀ ਧੌਣ ਉਠਾ ਨਹੀਂ ਸਕਿਆ
ਜਿਹਨੂੰ ਵੀ ਅਸੀਂ ਧੌਣੋਂ ਫੜਿਆ
ਜੋ ਸਾਡੇ ਤੇ ਭਾਜੀ ਪਾਉਂਦਾ
ਉਨ ਸਾਡਾ ਇਤਿਹਾਸ ਨੀ ਪੜ੍ਹਿਆ

ਸਾਡਾ ਸਾਥੀ ਟੋਡਰਮਲ ਹੈ
ਸਿੱਖੀ ਨਾਲ ਪਿਆਰ ਕਰੇ ਜੋ

ਮੋਹਰਾਂ ਦੇ ਕੇ ਭੋਇੰ ਖਰੀਦੇ
ਇੱਕ ਵੱਡਾ ਉਪਕਾਰ ਕਰੇ ਜੋ

ਦਸਮ ਪਿਤਾ ਦੇ ਨੱਨੇ ਨੱਨੇ
ਲਾਲਾਂ ਦਾ ਸੰਸਕਾਰ ਕਰੇ ਜੋ

ਅਸੀਂ ਭਰੋਸਾ ਉਸ ਤੇ ਕਰਦੇ,
ਸਾਡਾ ਵੀ ਇਤਬਾਰ ਕਰੇ ਜੋ

ਅੱਜ ਤਾਂ ਸਾਡਾ ਸਿੱਖ ਜਗਤਹੀ
ਗ਼ਮ ਦਾ ਧੂਆਂ ਤਾਪ ਰਿਹਾ ਹੈ

ਦੇਸ਼ ਦੇ ਚਾਰ ਚੁਫੇਰੇ ਸਾਨੂੰ
ਪਾਪੀ ਗੰਗੂ ਜਾਪ ਰਿਹਾ ਹੈ

ਗ਼ਨੀ ਖ਼ਾਨ ਤੇ ਨਬੀ ਖ਼ਾਨਨੇ
ਦਸਮ ਪਿਤਾ ਦਾ ਪਲੰਘਉਠਾਇਆ

ਸੱਭ ਤੋਂ ਔਖਾ ਸਮਾਂਕਟਾਉਣਾ
ਮੁਸਲਮਾਨ ਦੇ ਹਿੱਸੇ ਆਇਆ

ਲਾਲਾਂ ਨੂੰ ਦੀਵਾਰ 'ਚ ਚਿਣ ਦਿਉ
ਜਦ ਸੂਬੇ ਨੇ ਹੁਕਮ ਸੁਣਾਇਆ

ਸ਼ੇਰ ਮੁਹੰਮਦ ਮੁਸਲਮਾਂ ਨੇ
ਸੀ ਇਕ ਆਹ ਦਾ ਨਾਅਰਾ ਲਾਇਆ

ਜਾਤ ਪਾਤ ਦੇ ਅਸੀਂ ਨੀ ਹਾਮੀ
ਸਾਨੂੰ ਝੂਠ ਪਸੰਦ ਨਹੀਂ ਹੈ

ਸਾਡਾ ਸਾਥੀ ਬੱਬੂ ਸ਼ਾਹ ਹੈ
ਬਿਲਕੁਲ ਸੁਚਾ ਨੰਦ ਨਹੀਂ ਹੈ

ਹੇ ਕਲਗੀਧਰ ਆਪਾਂ ਫਟ ਗਏ
ਸਾਡੇ ਛੱਤੀ ਧੜੇ ਹੋਏ ਨੇ

ਜਦ ਦਾ ਸੰਨ ਸਨਤਾਲੀ ਚੜਿਆ
ਕੌਮ ਤੇ ਹਮਲੇ ਬੜੇ ਹੋਏ ਨੇ

ਸਾਡੇ ਆਗੂ ਇੱਕ ਨੀ ਹੁੰਦੇ
ਆਪੋਂ ਵਿਚੀਂ ਲੜੇ ਹੋਏ ਨੇ

ਇਉਂ ਜਾਪਦਾ ਇਨ੍ਹਾਂ ਬੇਦਾਵੇ
ਫਿਰ ਹੱਥਾਂ ਵਿੱਚ ਫੜੇ ਹੋਏ ਨੇ

ਖੇਰੂੰ ਖੇਰੂੰ ਹੋਈ ਕੌਮ ਵਿਚ
ਫਿਰ ਏਕੇ ਦੀ ਲੋੜ ਬਣੀ ਹੈ
ਭਾਗੋ ਵਰਗੀਆਂ ਸ਼ੇਰਨੀਆਂ ਦੀ
ਅੱਜ ਪੰਥ ਨੂੰ ਲੋੜ ਬਣੀ ਹੈ
ਅਸੀਂ ਉਪਾਸ਼ਕ ਕਲਗੀਧਰ ਦੇ
ਸਤਿਗੁਰ ਪਹਿਰੇਦਾਰ ਹੈ ਸਾਡਾ
ਦੁਸ਼ਮਨ ਦੀ ਕੋਈ ਬਾਤ ਨਾ ਪੁੱਛੋ
ਮਿੱਤਰ, ਮਿੱਤਰ ਯਾਰ ਹੈ ਸਾਡਾ
ਸਾਡੇ ਕੋਲ ਅਜੀਤ ਹੈ ਸਾਡਾ
ਸਾਡੇ ਕੋਲ ਜੁਝਾਰ ਹੈ ਸਾਡਾ
ਦਿੱਲੀ ਦੇ ਬੇਗ਼ੈਰਤ ਗਿਦੜੋ
ਸ਼ੇਰਾਂ ਵਿੱਚ ਸ਼ੁਮਾਰ ਹੈ ਸਾਡਾ
ਗਨੀ ਤਿੱਕ ਵੀ ਜੀਊਨੇ ਪਏ ਆਂ
ਕਦਮ ਜ਼ਮਾਨਾ ਚੁੰਮ ਰਿਹਾ ਹੈ
ਸਾਡੇ ਸਿਰ ਤੇ ਕਲਗੀਧਰ ਦਾ
ਬਾਜ਼ ਸੁਨਹਿਰੀ ਘੁੰਮ ਰਿਹਾ ਹੈ

----

10. ਸ਼ਹੀਦ ਜਲ੍ਹਿਆਂ ਵਾਲੇ ਬਾਗ਼ ਦੇ

ਹੇ ਮਾਲਣ ਤੂੰ ਸੁਬ੍ਹਾ ਸੁਬ੍ਹਾ ਕਿਉਂ ਚਮਨ 'ਚ ਆ ਕੇ ਫਿਰਦੀ ਏਂ?
ਹਾਂ ਹਾਂ, ਪਰਵਾਨੇ ਸੜ ਗਏ ਨੇ ਤੂੰ ਦਰਦ ਦਬਾ ਕੇ ਫਿਰਦੀ ਏਂ?
ਕਿਉਂ ਕਲੀ ਕਲੀ ਦੀਆਂ ਪੰਖੜੀਆਂ ਝੋਲੀ ਵਿਚ ਪਾ ਕੇ ਫਿਰਦੀ ਏਂ?
ਕਲੀਆਂ ਨਹੀਂ ਖੰਭ ਸ਼ਹੀਦਾਂ ਦੇ ਝੋਲੀ ਵਿਚ ਪਾ ਕੇ ਫਿਰਦੀ ਏਂ।

ਇਨ੍ਹਾਂ ਕਲੀਆਂ ਦੇ ਇਨ੍ਹਾਂ ਖੰਭਾਂ ਦੇ ਕਰ ਹਿੱਸੇ ਵਖੋ ਵੱਖ ਦੇਣੇ
ਜਿੱਥੇ ਡੁੱਲ੍ਹਾ ਲਹੂ ਸ਼ਹੀਦਾਂ ਦਾ ਉਥੇ ਸਜਦਾ ਕਰਕੇ ਰੱਖ ਦੇਣੇ

ਪਰਵਾਨਾ ਜਗਦੀ ਸ਼ਮਾ ਉਤੇ ਤਨ ਆਪਣਾ ਆ ਕੇ ਰੱਖ ਦਿੰਦਾ
ਦੀਪਕ ਵੀ ਕਿਤਨਾ ਜ਼ਾਲਮ ਹੈ ਇੱਕ ਦਮ ਝੁਲਸਾ ਕੇ ਰੱਖ ਦਿੰਦਾ
ਪਰ ਵਤਨ ਸ਼ਹੀਦ ਦੇ ਵੱਲ ਵੇਖੋ ਇਕ ਬਾਤ ਬਣਾ ਕੇ ਰੱਖ ਦਿੰਦਾ
ਜਿਸ ਜ਼ੁਲਮ ਸ਼ਮ੍ਹਾ ਤੇ ਸੜਦਾ ਏ ਉਹ ਸ਼ਮ੍ਹਾ ਬੁਝਾ ਕੇ ਰੱਖ ਦਿੰਦਾ

ਇਸ ਲਈ ਕਿ ਨੇਰ੍ਹੀ ਜ਼ੁਲਮਾਂ ਦੀ ਕੁੱਝ ਵਤਨ ਮੇਰੇ ਚੋਂ ਠਲ੍ਹ ਜਾਵੇ
ਇਸ ਸੜ ਬਲ ਜਾਣੀ ਸ਼ਮ੍ਹਾ ਉਤੇ ਕੋਈ ਹੋਰ ਨਾ ਜੀਵਨ ਜਲ ਜਾਵੇ

ਬਦਨਾਮ ਹੁਸਨ ਦੇ ਆਸ਼ਕ ਦਾ ਵੀ ਨਾਂ ਵਤਨ ਵਿਚ ਚੋਖਾ ਏ
ਬੇ ਸ਼ੱਕ ਉਹ ਬੇ ਪਰਤੀਤਾ ਏ ਬੇਸ਼ਕ ਉਹ ਬੇ ਸੰਤੋਖਾ ਏ
ਉਹਦੀ ਖੂੰਡੀ ਦੇ ਵਿਚ ਵਲ ਛਲ ਨੇ ਉਹਦੀ ਵੰਝਲੀ ਦੇ ਵਿਚ ਧੋਖਾ ਏ
ਪਰ ਆਜ਼ਾਦੀ ਦੇ ਆਸ਼ਕ ਦਾ ਇਸ਼ਕਾਂ 'ਚੋਂ ਇਸ਼ਕ ਅਨੋਖਾ ਏ

ਉਹ ਜ਼ੁਲਫਾਂ ਦੇ ਵਿਚ ਫਸ ਫਸ ਕੇ ਹੈ ਡਿਗ ਪੈਂਦਾ ਰੁਖਸਾਰਾਂ ਤੇ
ਇਹ ਦੇਸ਼ ਦੀ ਖ਼ਾਤਿਰ ਨੱਚ ਉਠਦਾ ਜ਼ੁਲਫਾਂ ਦੀਆਂ ਤਿਖੀਆਂ ਧਾਰਾਂ ਤੇ

ਇਹ ਡੁੱਲ੍ਹਾ ਲਹੂ ਸ਼ਹੀਦਾਂ ਦਾ ਹੀ ਕੰਮ ਵਤਨ ਦੇ ਆਇਆ ਏ
ਇਹ ਵਤਨਾਂ ਦੀ ਇੱਕ ਪੂੰਜੀ ਹੈ ਇਹ ਵਤਨਾਂ ਦਾ ਸਰਮਾਇਆ ਏ
ਕੀ ਦੱਸਾਂ ਉਨ੍ਹਾਂ ਸ਼ਹੀਦਾਂ ਨੇ ਕੀ ਪਰਉਪਕਾਰ ਕਮਾਇਆ ਏ
ਲਾਹ ਖੋਪਰ ਸਾਡੇ ਸਿਰ ਉਤੋਂ ਸਾਡੇ ਸਿਰ ਦਾ ਤਾਜ ਬਣਾਇਆ ਏ

ਇਹ ਡੁੱਲ੍ਹਾ ਖ਼ੂਨ ਸ਼ਹੀਦਾਂ ਦਾ ਰੰਗ ਸੂਹਾ ਅੰਮ੍ਰਿਤਸਰ ਦਾ ਏ
ਇਹ ਭਾਰਤ ਸਾਰਾ ਤਾਹੀਓਂ ਤੇ ਇਸ ਸ਼ਹਿਰ ਨੂੰ ਸਜਦੇ ਕਰਦਾ ਏ

ਅਸੀਂ ਮੁੱਖ ਦੇਖਣ ਨੂੰ ਆਏ ਹਾਂ ਸੁੱਤਿਓ ਸ਼ਹੀਦੋ ਜਾਗ ਪਵੋ
ਅਸੀਂ ਨਜ਼ਰਾਂ ਦੇ ਤ੍ਰਿਹਾਏ ਹਾਂ ਸੁੱਤਿਓ ਸ਼ਹੀਦੋ ਜਾਗ ਪਵੋ
ਅਸੀਂ ਅੱਥਰੂ ਨਵੇਂ ਲਿਆਏ ਹਾਂ ਸੁੱਤਿਓ ਸ਼ਹੀਦੋ ਜਾਗ ਪਵੋ
ਚਾਹੇ ਅਪਣੇ ਚਾਹੇ ਪਰਾਏ ਹਾਂ ਸੁੱਤਿਓ ਸ਼ਹੀਦੋ ਜਾਗ ਪਵੋ

ਤੁਸੀਂ ਆਉਣ ਦਾ ਵਹਿਦਾ ਕੀਤਾ ਸੀ ਹੁਣ ਕਿਉਂ ਜ਼ੁਬਾਨੋਂ ਭੌਂ ਗਏ ਓ
ਨੀਂਦਰ ਚੋਂ ਦੇਸ਼ ਜਗਾ ਕੇ ਤੇ ਕਿਉਂ ਮਿਠੜੀ ਨੀਂਦੇ ਸੌਂ ਗਏ ਓ

ਊਧਮ ਸਿੰਘ ਪੁਜਦਾ ਪੁਜਦਾ ਵਾਹ ਪੁਜ ਵਿਚ ਲੰਡਨ ਦੇ ਤੋੜ ਗਿਆ
ਸੁਤੇ ਹੋਏ ਕਈਆਂ ਵਰਸ਼ਾਂ ਦੇ ਸਾਡੇ ਜਜ਼ਬਾਤ ਝੰਜੋੜ ਗਿਆ
ਪਸਤੌਲ ਮਾਰ ਕੇ ਛਾਂਤੀ ਵਿਚ ਡਾਇਰ ਦਾ ਲਹੂ ਨਚੋੜ ਗਿਆ
ਤੇ ਬ਼ਾਅਦ ਸਤਾਰਾਂ ਵਰਸ਼ਾਂ ਦੇ ਡਾਇਰ ਦੀ ਭਾਜੀ ਮੋੜ ਗਿਆ

ਜੋ ਤੁਰਨਾ ਚਾਹੁੰਦੇ ਤੇਗ਼ਾਂ ਤੇ ਪੰਧ ਮੁਸ਼ਕਲ ਵੀ ਕਰ ਤੈ ਲੈਂਦੇ
ਜਿਨ੍ਹਾਂ ਪੁੱਤਰਾਂ ਦੇ ਵਿਚ ਗ਼ੈਰਤ ਹੈ ਉਹ ਪਿਉ ਦਾ ਬਦਲਾ ਲੈ ਲੈਂਦੇ

ਡੁੱਲ੍ਹਾ ਹੋਇਆ ਖ਼ੂਨ ਸ਼ਹੀਦਾਂ ਦਾ ਹਰਗਿਜ਼ ਨਹੀਂ ਜ਼ਾਇਆ ਜਾ ਸਕਦਾ
ਸਿਰ ਦਿਤਿਆਂ ਬਾਹਝੋਂ ਐਵੇਂ ਨਹੀਂ ਸ਼ਹੀਦ ਕਹਾਇਆ ਜਾ ਸਕਦਾ
ਫਾਂਸੀ ਦਾ ਰੱਸਾ ਐਵੇਂ ਨਹੀਂ ਗਲ ਵਿਚ ਪੁਆਇਆ ਜਾ ਸਕਦਾ
ਪਾਣੀ ਵਿਚ ਦੁਨੀਆਂ ਨ੍ਹਾਉਂਦੀ ਪਰ ਨਹੀਂ ਅੱਗ ਵਿਚ ਨ੍ਹਾਇਆ ਜਾ ਸਕਦਾ

ਸ਼ਹੀਦ ਵਤਨ ਦੇ ਧੱਬਿਆਂ ਨੂੰ ਪਾ ਖ਼ੂਨ ਜਿਗਰ ਦਾ ਧੋ ਜਾਂਦਾ
ਸਿਰ ਵੱਢ ਕੇ ਦੇਸ਼ ਦੀ ਮਾਲਾ ਵਿਚ ਮਣਕੇ ਦੀ ਜਗ੍ਹਾ ਪਰੋ ਜਾਂਦਾ

ਜਿੰਦ ਦੇ ਕੇ ਆਪਣੇ ਵਤਨਾਂ ਨੂੰ ਕੀਤਾ ਸਨਮਾਨ ਸ਼ਹੀਦਾਂ ਨੇ
ਅਸੀਂ ਮੋਏ ਸਾਂ ਅਸੀਂ ਮੁੱਕੇ ਸਾਂ ਪਾ ਦਿਤੀ ਜਾਨ ਸ਼ਹੀਦਾਂ ਨੇ
ਹੱਸ ਹੱਸ ਕੇ ਗੋਲੀਆਂ ਖਾਧੀਆਂ ਨੇ ਕੀਤਾ ਬਲੀਦਾਨ ਸ਼ਹੀਦਾਂ ਨੇ
ਅੰਬਰ ਤੱਕ ਆਪਣੇ ਭਾਰਤ ਦੀ ਚਮਕਾਈ ਸ਼ਾਨ ਸ਼ਹੀਦਾਂ ਨੇ

ਔਹ ਗੋਲੀਆਂ ਵਿਚ ਦੀਵਾਰਾਂ ਦੇ ਜੋ ਲੱਗੀਆਂ ਨਜ਼ਰੀਂ ਆਈਆਂ ਨੇ
ਅਸੀਂ ਦਿੱਤਾ ਖ਼ੂਨ ਜਵਾਨੀ ਦਾ ਇਹ ਅਜੇ ਵੀ ਹੋਰ ਧਿਆਈਆਂ ਨੇ

ਜਿੱਥੇ ਡੁਲ੍ਹਾ ਖ਼ੂਨ ਸ਼ਹੀਦਾਂ ਦਾ ਉਸ ਧਰਤੀ ਨੂੰ ਪਰਣਾਮ ਕਰੋ
ਤੇ ਭਗਤੀ ਕਰੋ ਸ਼ਹੀਦਾਂ ਦੀ ਹਰ ਸੁਬ੍ਹਾ ਕਰੋ ਹਰ ਸ਼ਾਮ ਕਰੋ
ਵ਼ਤਨਾਂ ਦੀ ਗੱਡੀ ਚੱਲਣ ਦਿਉ ਪਹੀਏ ਨਾ ਹਰਗਿਜ਼ ਜਾਮ ਕਰੋ
ਆਪੋ ਵਿਚ ਵੀਰੋ ਲੜ ਲੜ ਕੇ ਮੁੜ ਕੇ ਨਾ ਦੇਸ਼ ਗ਼ੁਲਾਮ ਕਰੋ

ਅੱਜ ਅੰਮ੍ਰਿਤਸਰ ਨੂੰ ਤੱਕ ਤੱਕ ਕੇ ਸੰਸਾਰ ਹੀ ਹੱਕਾ ਬੱਕਾ ਹੈ
ਇਹ ਸਫ਼ਰੀ ਕਾਸ਼ੀ ਪੰਡਤ ਦੀ ਮੋਮਨ ਦੇ ਭਾਅ ਦਾ ਮੱਕਾ ਹੈ ।

11. ਸ਼ਹੀਦ ਮੇਵਾ ਸਿੰਘ ਲੋਪੋਕੇ

ਉਨੀ ਸੌ ਚੌਦਾਂ ਈਸਵੀ ਸੰਨ ਐਸਾ ਚੜ੍ਹਿਆ
ਸੱਪ ਖੜੱਪਾ ਗੋਰਿਆਂ ਦੇ ਸੀਨੇ ਲੜਿਆ
ਕੈਨੇਡਾ ਸਰਕਾਰ ਦਾ ਵੀ ਮੱਥਾ ਸੜਿਆ
ਕਾਨੂੰਨ ਕੁਵੱਲਾ ਹਿੰਦੀਆਂ ਦੀ ਖ਼ਾਤਿਰ ਘੜਿਆ
ਕੈਨੇਡਾ ਸਾਡਾ ਦੇਸ਼ ਹੈ ਹਰ ਗੋਰਾ ਗਾਏ
ਕੋਈ ਬਾਸ਼ਿੰਦਾ ਭਾਰਤੀ ਏਥੇ ਪੈਰ ਨਾ ਪਾਏ

ਆਣ ਬਾਬੇ ਗੁਰਦਿਤ ਸਿੰਘ ਝੰਡੇ ਲਹਿਰਾਏ
ਤੇ ਲਗ ਪਗ ਪੌਣੇ ਚਾਰ ਸੌ ਸਿੰਘ ਸਜੇ ਸਜਾਏ
ਚੜ੍ਹ ਨਾਨਕ ਨਾਮ ਜਹਾਜ਼ ਵਿਚ ਵੈਨਕੋਵਰ ਆਏ
ਅੰਗ੍ਰੇਜ਼ਾਂ ਤੱਕਿਆ ਸਿੱਖ ਨੂੰ ਤਾਂ ਇੰਜ ਅਲਾਏ
ਕੈਨੇਡਾ ਲੋਕਾਂ ਚਿੱਟਿਆਂ ਦਾ ਦੇਸ਼ ਕਹਿਲਾਏ
ਇਹ ਕਾਲੇ ਬੰਦੇ ਏਸ ਥਾਂ ਕਿਹਨੇ ਮੰਗਵਾਏ

ਇਕ ਮੁਸਾਫ਼ਰ ਦੇਸ਼ ਚੋਂ ਨਾ ਉਤਰਨਾ ਪਾਏ
ਉਨ੍ਹਾਂ ਗੱਨਾਂ ਵਾਲੇ ਪੁਲਸੀਏ ਗੋਰੇ ਮੰਗਵਾਏ
ਉਨ੍ਹਾਂ ਕਾਮਾਗਾਟਾ ਘੇਰਿਆ ਗੋਲੇ ਵਰਸਾਏ
ਪਰ ਸਨ ਪੰਜਾਬੀ ਸੂਰਮੇਂ ਮਾਵਾਂ ਦੇ ਜਾਏ
ਜਿਨਾਂ ਭਖਦੇ ਕੋਲੇ ਮਾਰ ਕੇ ਅੰਗ੍ਰੇਜ਼ ਭਜਾਏ
ਸਾਗਰ ਕੰਢੇ ਹੋਂਵਦੀ ਸੀ ਹਾਏ ! ਹਾਏ !!

ਕਲਕੱਤੇ ਬੀਤੀ ਹੋਰ ਵੀ ਆ ਗਲ ਅਵੱਲੀ
ਉਥੇ ਕੀਤੀ ਗੋਰਿਆਂ ਆ ਉਥਲ ਪੁਥੱਲੀ
ਪੁਰ ਅਮਨ ਨਿਹੱਥੇ ਹਿੰਦੀਆਂ ਤੇ ਗੋਲੀ ਚੱਲੀ
ਓਥੇ ਹੋਈਆਂ ਵੀਹ ਸ਼ਹੀਦੀਆਂ ਮੱਚ ਗਈ ਤਰਥੱਲੀ
ਕਈ ਜਿਹਲੀਂ ਪੈ ਗਏ ਸੂਰਮੇਂ ਕਈ ਫਾਂਸੀ ਚੜ੍ਹ ਗਏ
ਜੁਗਨੂੰ ਰਹਿ ਗਏ ਦੇਖਦੇ ਪਰਵਾਨੇ ਸੜ ਗਏ

ਹੁਣ ਸਮਾਂ ਕੈਨੇਡੀ ਹਿੰਦੀਆਂ ਤੇ ਐਸਾ ਆਇਆ
ਇੱਕ ਚਾਲ ਚਲਾਈ ਹਿੰਦੀਆਂ ਇੱਕ ਮਤਾ ਪਕਾਇਆ

ਹਾਪ ਕੰਨਸਨ ਵਰਗਾ ਬੇਈਮਾਨ ਬੀਜੇ ਤੋਂ ਲਾਇਆ
ਉਨ ਬੇਲਾ ਸਿੰਘ ਇਕ ਲਾਲਚੀ ਨੂੰ ਨਾਲ ਮਿਲਾਇਆ
ਇਨ੍ਹਾਂ ਹਿੰਦੀਆਂ ਨੂੰ ਉਸ ਲੁੱਟਿਆ ਉਸ ਜ਼ੁਲਮ ਕਮਾਇਆ
ਜਿਹੜਾ ਅੜ ਗਿਆ ਵੱਢੀ ਦੇਣ ਤੋਂ ਵਾਪਸ ਪਰਤਾਇਆ

ਪਰ ਬੇਲਾ ਸਿੰਘ ਨੂੰ ਹਿੰਦੀਆਂ ਲੋਕਾਂ ਸਮਝਾਇਆ
ਤੂੰ ਹੈਂ ਵਾਸੀ ਪੰਜਾਬ ਦਾ ਪੰਜਾਬਣ ਜਾਇਆ
ਕੋਈ ਲਗਦਾ ਤੇਰਾ ਵੀਰ ਕੋਈ ਤੇਰਾ ਹਮਸਾਇਆ
ਤੂੰ ਆ ਜਾ ਰਲ ਕੇ ਬੈਠੀਏ ਇਹ ਦੇਸ਼ ਪਰਾਇਆ
ਪਰ ਬੇਲਾ ਸਿੰਘ ਦੀ ਸੋਚ ਵਿੱਚ ਕੁਝ ਫਰਕ ਨਾ ਆਇਆ
ਉਹਨੂੰ ਮੇਵਾ ਸਿੰਘ ਸਰਦਾਰ ਨੇ ਵੀ ਬਚਨ ਅਲਾਇਆ

ਚੰਦੂ ਨੂੰ ਨੱਕ ਨਕੇਲ ਪਾਇਕੇ ਅਸਾਂ ਨਚਾਇਆ
ਬੰਦੇ ਨੇ ਸੁੱਚਾ ਨੰਦ ਨੂੰ ਸੁੱਚੇ ਮੂੰਹ ਖਾਇਆ
ਫਲ ਗੰਗੂ ਨੇ ਵੀ ਆਪਣੀ ਕੀਤੀ ਦਾ ਪਾਇਆ
ਤੇ ਧਿਆਨ ਸਿੰਘ ਵੀ ਡੋਗਰਾ ਸਿੰਘਾਂ ਝਟਕਾਇਆ
ਜਿਹਨੇ ਵੀ ਆਪਣੇ ਦੇਸ਼ ਕੌਮ ਨਾਲ ਧਰੋਹ ਕਮਾਇਆ
ਉਹ ਬਚ ਕੇ ਕਿਥੇ ਜਾਏਗਾ ਅੰਮਾਂ ਦਾ ਜਾਇਆ

ਇਹ ਸੁਣਕੇ ਬੇਲਾ ਸਿੰਘ ਬਹੁਤ ਗੁੱਸੇ ਵਿਚ ਆਇਆ
ਹਾਪ ਕੰਨਸਨ ਨੂੰ ਉਸ ਜਾ ਕੇ ਏਦਾਂ ਭੜਕਾਇਆ
ਇਨ੍ਹਾਂ ਅਰਜਨ ਸਿੰਘ ਹਰਨਾਮ ਸਿੰਘ ਨੂੰ ਮਾਰ ਮੁਕਾਇਆ
ਇਹ ਪੰਜ ਸਤ ਸਾਰੇ ਦੋਦਰੂ ਜਿਨ੍ਹਾਂ ਭੜਥੂ ਪਾਇਆ
ਜੇ ਮਦਦ ਕਰੇਂ ਤਾਂ ਕਰ ਦਿਆਂ ਇੱਕ ਵਾਰ ਸਫ਼ਾਇਆ
ਅੰਗਰੇਜ਼ ਬੱਚੇ ਨੇ ਉਸਨੂੰ ਦੂਣਾ ਕਮਲਾਇਆ

ਜਦੋਂ ਗੁਰੂਦੁਆਰੇ ਸ਼ਾਮ ਨੂੰ ਗੁਰ ਸੰਗਤ ਆਈ
ਤੇ ਅਰਜਨ ਸਿੰਘ ਹਰਨਾਮ ਸਿੰਘ ਦੀ ਯਾਦ ਮਨਾਈ
ਜਦ ਦੇਖੀ ਬੇਲਾ ਸਿੰਘ ਨੇ ਸੰਗਤ ਸਵਾਈ
ਉਸ ਗੋਲੀਆਂ ਦਾਗਣ ਲੱਗਿਆਂ ਨਾ ਦੇਰ ਲਗਾਈ
ਉਥੇ ਜ਼ਖ਼ਮੀ ਹੋ ਗਏ ਕਈ ਸਿੰਘ ਮੱਚ ਗਈ ਦੁਹਾਈ
ਉਥੇ ਭਾਗ ਸਿੰਘ ਤੇ ਵਤਨ ਸਿੰਘ ਕਰ ਗਏ ਚੜ੍ਹਾਈ

ਹੁਣ ਬੇਲਾ ਸਿੰਘ ਤੇ ਕਤਲ ਦਾ ਗਿਆ ਕੇਸ ਚਲਾਇਆ

ਕੁਝ ਫਿਕਰ ਨਾ ਕੀਤਾ ਉਸਨੇ ਨਾ ਸੋਗ ਮਨਾਇਆ
ਉਹਦੇ ਸਿਰ ਤੇ ਸੀ ਅੰਗਰੇਜ਼ ਤੇ ਬ੍ਰਿਟਸ਼ ਦਾ ਸਾਇਆ
ਹਾਪ ਕੰਨਸਨ ਚਾਹੁੰਦਾ ਉਸਨੂੰ ਸੀ ਸਾਫ ਛੁਡਾਇਆ
ਤੇ ਦੇਣ ਉਗਾਹੀ ਜਦੋਂ ਉਹ ਬੇਲੂ ਦੀ ਆਇਆ
ਫਿਰ ਦੇਖੋ ਸਿੰਘੋ ਸਮੇਂ ਨੇ ਕੀ ਰੰਗ ਵਟਾਇਆ !!

ਤੱਕ ਮੇਵਾ ਸਿੰਘ ਨੇ ਦੇਖਿਆ ਹਾਪ ਕੰਨਸਨ ਆਇਆ
ਇਹ ਸੁੱਤੇ ਸ਼ੇਰ ਦੀ ਪੂਛ ਨੂੰ ਹੱਥ ਕਿਸ ਨੇ ਲਾਇਆ
ਉਹਦੇ ਨੈਣੀ ਭਾਂਬੜ ਮੱਚਿਆ ਰੋਹ ਦੂਣ ਸਵਾਇਆ
ਤਦੇ ਵਲੇ ਭਾਰਤ ਮਾਂ ਦੇ ਉਨ-ਤੇਗ਼ ਬਹਾਦਰ ਸਿਮਰਿਆ
ਦਸ਼ਮੇਸ਼ ਧਿਆਇਆ
ਤੇ ਖੱਬੀ ਜੇਬੋਂ ਕੱਢ ਕੇ ਪਸਤੌਲ ਅਲਾਇਆ
ਲੈ ਤਕੜਾ ਹੋ ਜਾ ਵੈਰੀਆ, ਤੇਰਾ ਵੇਲਾ ਆਇਆ

ਇਹ ਕਹਿ ਕੇ ਗੋਲੀ ਉਸਦੇ ਸੀਨੇ ਵਿੱਚ ਮਾਰੀ
ਲੈ ਚੁੱਕ ਗਵਾਹੀ ਦੇਣ ਦਾ ਖ਼ਰਚਾ ਸਰਕਾਰੀ
ਉਹਤੋਂ ਦੂਜੀ ਤੀਜੀ ਚੋਟ ਨਾ ਫਿਰ ਗਈ ਸਹਾਰੀ
ਬਸ ਵਿੰਹਦਿਆਂ ਵਿੰਹਦਿਆਂ ਝੂਠ ਦਾ ਲੱਦ ਗਿਆ ਵਪਾਰੀ
ਇਹ ਮੇਵਾ ਸਿੰਘ ਬਹਾਦਰੀ ਜੋ ਕੀਤੀ ਭਾਰੀ
ਉਹਨੂੰ ਸੀਸ ਨਿਵਾਉਂਦੀ ਰਹੇਗੀ ਇਹ ਜਨਤਾ ਸਾਰੀ

ਮੇਵਾ ਸਿੰਘ ਜ਼ਰਾ ਨਾ ਡੋਲਿਆ ਨਾ ਹੀ ਘਬਰਾਇਆ
ਉਹਨੂੰ ਪੰਜਾਂ ਸੱਤਾਂ ਗੋਰਿਆਂ ਚੁੱਕ ਜਿਹਲ ਪੁਚਾਇਆ
ਤੇ ਜਦੋਂ ਫਾਂਸੀ ਦਾ ਸੂਰਮੇ ਨੂੰ ਹੁਕਮ ਸੁਣਾਇਆ
ਉਹਦਾ ਭਾਰ ਖੁਸ਼ੀ ਵਿਚ ਵਧ ਗਿਆ ਬਰ ਦੂਣ ਸਵਾਇਆ
ਫਾਂਸੀ ਦੇ ਰੱਸੇ ਵਲ ਸੂਰਮਾ ਸੀ ਏਦਾਂ ਧਾਇਆ !!
ਜਿਉਂ ਮਾਂ ਦੇ ਦੁੱਧ ਵਲ ਭੱਜਦਾ ਹੈ ਬਾਲ ਤਿਹਾਇਆ

ਫਾਂਸੀ ਵਲ ਵਧਦੇ ਸੂਰਮੇਂ ਇੱਕ ਬਚਨ ਅਲਾਇਆ
ਜੇ ਦੇਸ਼ ਮੇਰੇ ਵਲ ਗਿਆ ਕੁਈ ਆਪਣੀ ਦਾ ਜਾਇਆ
ਮੇਰੀ ਬੁਢੜੀ ਮਾਂ ਨੂੰ ਆਖਿਓ ਤੇਰਾ ਭਾਗ ਸੁਹਾਇਆ
ਤੇਰੇ ਫਾਂਸੀ ਚੜ੍ਹਦੇ ਪੁੱਤ ਨੇ ਤੈਨੂੰ ਸੀਸ ਨਿਵਾਇਆ
ਮਾਂ ! ਕਤਰਾ-ਕਤਰਾ ਖ਼ੂਨ ਦਾ ਮੈਂ ਘੋਲ ਘੁਮਾਇਆ
ਫਿਰ ਵੀ ਨਹੀਂ ਤੇਰੇ ਦੁੱਧ ਦਾ ਗਿਆ ਹਿਸਾਬ ਚੁਕਾਇਆ ।

ਇੱਕ ਪੰਝੀ ਵਰਸ਼ਾਂ ਬਾਅਦ ਜਾਗਿਆ ਜਜ਼ਬਾ ਭਾਰਾ
ਸਿੰਘਾਂ ਨੇ ਜਾ ਕੇ ਜੇਲ੍ਹ ਵਿਚ ਦਿੱਤਾ ਲਲਕਾਰਾ
ਹੁਣ ਝੋਲੀ ਚੁੱਕ ਆ ਗਿਆ ਬੱਬਰਾਂ ਦਾ ਵਾਰਾ
ਬੇਲਾ ਸਿਹਾਂ ਅੰਗਰੇਜ਼ ਦਾ ਕੋਈ, ਲੱਭ ਸਹਾਰਾ
ਹੁਣ ਵਹੀਆਂ ਖਾਤੇ ਕੱਢ ਲੈ ਵੱਡਿਆ ਗ਼ਦਾਰਾ!
ਚੁੱਕ ਦੇਣਾ ਸਣੇ ਵਿਆਜ ਤੇਰਾ ਕਰਜ਼ਾ ਸਾਰਾ

ਸੁਣ ਬੇਲਾ ਸਿੰਘ ਦਾ ਹੋ ਗਿਆ ਮੂੰਹ ਡਬ ਖੜੱਬਾ
ਤੇ ਸੋਚਣ ਲਗਿਆ ਕਰਾਂ ਕੀ ਉਏ ਮੇਰਿਆ ਰੱਬਾ !!
ਇਨ ਝੂਠੀਆਂ ਗਵਾਹੀਆਂ ਦੇ ਕੇ ਕੀ ਲਿਆ ਮੁਰੱਬਾ
ਇਹ ਬੜੇ ਚਿਰਾਂ ਤੋਂ ਦੇਸ਼ ਤੇ ਸੀ ਕਾਲਾ ਧੱਬਾ
ਬੱਬਰਾਂ ਨੇ ਮੇਟਿਆ ਇਸ ਤਰ੍ਹਾਂ ਬੇਲੇ ਦਾ ਬੱਬਾ
ਉਹਦਾ ਧੜ ਸੰਭਾਲਿਆ ਵਾਰਸਾਂ ਸਿਰ ਅਜੇ ਨੀ ਲੱਭਾ

ਧੰਨ ਗ਼ਦਰੀ ਬਾਬੇ ਜਿਨ੍ਹਾਂ ਨੇ ਇਹ ਲਹਿਰ ਚਲਾਈ
ਗੁਰਦਿਤ ਸਿੰਘ ਹਰਦਿਆਲ ਹੋਰਾਂ ਦੀ ਧੰਨ ਕਮਾਈ
ਬਲਵੰਤ ਸਿੰਘ ਭਗਵਾਨ ਸਿੰਘ ਨੇ ਸ਼ਮ੍ਹਾ ਜਗਾਈ
ਇਹ ਹਸਨ ਕਰੀਮਤ ਦਾਸ ਗੁਰਾਂ ਨੇ ਲੜੀ ਲੜਾਈ
ਇਥੇ ਹਿੰਦੂ ਸਿੱਖ ਜਾਂ ਮੁਸਲਮਾਨ ਜਾਂ ਵੀਰ ਈਸਾਈ
ਹਨ ਆਜ਼ਾਦੀ ਦੇ ਘੋਲ ਵਿੱਚ ਸਭ ਭਾਈ ਭਾਈ !!

ਸਤੀ ਦਾਸ ਨੂੰ ਸਹਿਜੇ ਸਹਿਜੇ ਰੂਈ ਵਿਚ ਜਲਾਉਂਦੇ ਪਏ ਓ
ਲਾਟਾਂ ਉਤੇ ਜਲਣਾ ਪੈਣਾ ਭੰਬਟ ਨੂੰ ਸਮਝਾਉਂਦੇ ਪਏ ਓ
ਇਹਨਾਂ ਈਨ ਕਦੇ ਨੀ ਮੰਨਣੀ ਕਿਉਂ ਏਨੀ ਦਿਲ ਲਾਉਂਦੇ ਪਏ ਓ
ਅੱਲਾ ਦੀ ਹਿੱਕ ਚਿਰਦੀ ਜਿਹੜਾ ਚੀਰ ਬੰਦੇ ਨੂੰ ਪਾਉਂਦੇ ਪਏ ਓ
ਆਰੇ ! ਦੰਦ ਕਰੀਚ ਰਿਹਾ ਏਂ ਇਹ ਪਾਪ ਤੇਰੇ ਮਾਫ਼ ਨੀ ਹੋਣੇ
ਸੌ ਵਾਰ ਜਮ ਜਮ ਫਿਰ ਨ੍ਹਾ ਲਈਂ ਇਹ ਦੰਦ ਤੇਰੇ ਸਾਫ ਨੀ ਹੋਣੇ

....

12. ਅਸੀਂ ਪੰਥ ਨੂੰ ਦਾਗ਼ ਨਹੀਂ ਲਾਉਣ ਦੇਣਾ

ਸਾਨੂੰ ਪਿਤਾ ਦਸ਼ਮੇਸ਼ ਦਾ ਆਸਰਾ ਏ
ਸਮਾਂ ਜਿਸ ਤਰ੍ਹਾਂ ਦਾ ਆਵੇ ਆਉਣ ਦੇਣਾ

ਮਲਕ ਭਾਗੋ ਦੇ ਮਹਿਲ ਬਣਾਉਣ ਲਈ ਨਹੀਂ
ਝੁੱਗਾ ਲਾਲੋ ਗ਼ਰੀਬ ਦਾ ਢਾਹੁਣ ਦੇਣਾ

ਕੋਈ ਰਾਮ ਆਖੇ ਕੋਈ ਰਹੀਮ ਆਖੇ
ਆਪੋ ਆਪਣਾ ਰੱਬ ਮਨਾਉਣ ਦੇਣਾ

ਐਪਰ ਨਹੀਂ ਸ਼ਹੀਦਾਂ ਦੀ ਮੜ੍ਹੀ ਉਤੇ
ਰਾਗ ਫਿਰਕਾ ਪ੍ਰਸਤੀ ਦਾ ਗਾਉਣ ਦੇਣਾ

ਸ਼ਹਿਦ ਨਾਲੋਂ ਪੰਜਾਬੀ ਜ਼ੁਬਾਨ ਮਿੱਠੀ
ਇਹਦੇ ਵਿਚ ਨਹੀਂ ਜ਼ਹਿਰ ਮਿਲਾਉਣ ਦੇਣਾ

ਦਾਅ ਸਾਨੂੰ ਤਾਂ ਲਾ ਲਏ ਬੇਸ਼ਕ ਕੋਈ
ਅਸੀਂ ਪੰਥ ਨੂੰ ਦਾਅ ਨਹੀਂ ਲਾਉਣ ਦੇਣਾ

ਦਸਮ ਪਿਤਾ ਨੇ ਪੰਥ ਦੇ ਨਾਲ ਕਿਧਰੇ
ਕੀਤਾ ਵੱਧ ਪਿਆਰ ਸੰਤਾਨ ਨਾਲੋਂ

ਬਲੀਦਾਨ ਜਹਾਨ ਤੇ ਹੋਰ ਕਿਹੜਾ
ਚੌਹਾਂ ਪੁੱਤਰਾਂ ਦੇ ਬਲੀਦਾਨ ਨਾਲੋਂ

ਪਰ ਸਾਨੂੰ ਪੰਥ ਪਿਆਰਾ ਹੈ ਜਿੰਦ ਨਾਲੋਂ
ਸਾਨੂੰ ਪੰਥ ਪਿਆਰਾ ਹੈ ਜਾਨ ਨਾਲੋਂ

ਤੇ ਇਕੋ ਵਾਰ ਵੰਗਾਰ ਕੇ ਆਖਦੇ ਹਾਂ
ਘੜੀ ਮੁੜੀ ਦੇ ਕਹਿਣ ਕੁਹਾਣ ਨਾਲੋਂ

ਜਿਹੜਾ ਪੰਥ ਨੂੰ ਦੇਖਣਾ ਦੁਖੀ ਚਾਹੁੰਦਾ
ਨਾ ਸੌਣਾ ਨਾ ਓਸ ਨੂੰ ਸੌਣ ਦੇਣਾ

ਦਾਅ ਸਾਰੇ ਜ਼ਮਾਨੇ ਨੂੰ ਲਾਉ ਬੀਬਾ !!
ਅਸੀਂ ਪੰਥ ਨੂੰ ਦਾਅ ਨਹੀਂ ਲਾਉਣ ਦੇਣਾ

ਘਿਉ ਲੱਗ ਕੇ ਹੋ ਗਿਆ ਖੁਸ਼ਕ ਕੁੱਜਾ
ਸੀਮਿੰਟ ਲੱਗ ਕੇ ਬੋਰੀ ਥਿੰਦੀ ਹੋ ਗਈ

ਚਾਲ ਬਾਜ਼ ਮੁਨੀਮ ਦੀ ਚਾਲ ਦੇਖੀ
ਝੱਟ ਏਕੇ ਦੀ ਬਦਲ ਕੇ ਬਿੰਦੀ ਹੋ ਗਈ

ਹੋਇਆ ਮਾਂ ਦਾ ਦੁੱਧ ਸੁਖੀਲਤਾ ਨਹੀਂ
ਧੀ ਦਾਈ ਨੂੰ ਮਾਂ ਤੋਂ ਛਿੰਦੀ ਹੋ ਗਈ

ਰਾਤੀਂ ਸੁੱਤੇ ਪੰਜਾਬੀ 'ਚ ਟੁੱਕ ਮੰਗਦੇ
ਦਿਨ ਚੜ੍ਹਿਆ ਪੰਜਾਬੀ ਦੀ ਹਿੰਦੀ ਹੋ ਗਈ

ਜਿਹਨੇ ਆਉਣਾ ਏ ਸਾਮ੍ਹਣੇ ਆਏ ਸਾਡੇ
ਬਗਲ ਵਿਚ ਨਹੀਂ ਛੁਰਾ ਲੁਕਾਉਣ ਦੇਣਾ

ਜਾਏ ਜਿੰਦ ਵੀ ਜਾਏ ਬੇਸ਼ਕ ਸਾਡੀ
ਅਸੀਂ ਪੰਥ ਦਾਅ ਨਹੀਂ ਲਾਉਣ ਦੇਣਾ

ਕੋਈ ਕਰੇ ਭਰੋਸਾ ਜੇ ਅਸਾਂ ਉਤੇ
ਅਸੀਂ ਆਪਣਾ ਫਰਜ਼ ਨਿਭਾ ਦਿਆਂਗੇ

ਟੁਕੜੇ ਜਿਗਰ ਦੇ ਟੁਕੜੇ ਕਰਾ ਕੇ ਵੀ
ਟੁਕੜੇ ਹੋਣ ਤੋਂ ਜੰਜੂ ਬਚਾ ਦਿਆਂਗੇ

ਧੂੜ ਗੁਰੂ ਘਰ ਦੀ ਮੱਥੇ ਲਾ ਕੇ ਤੇ
ਮਸਤ ਹਾਥੀਆਂ 'ਨਾ ਮੱਥੇ ਲਾ ਦਿਆਂਗੇ

ਬਿਗੜ ਜਾਵਾਂਗੇ ਮੌਤ ਦੇ ਨਾਲ ਐਪਰ
ਆਪਣੇ ਦੇਸ਼ ਦੀ ਬਿਗੜੀ ਬਣਾ ਦਿਆਂਗੇ

ਹੇਮ ਕੁੰਡ ਦੀ ਸਰ ਜ਼ਮੀਨ ਉਤੇ
ਕਿਸੇ ਪਾਪੀ ਨੂੰ ਪੈਰ ਨਹੀਂ ਪਾਉਣ ਦੇਣਾ

ਪੰਥ ਪਿਤਾ ਦਸ਼ਮੇਸ਼ ਦੀ ਸਿਰਜਣਾ ਏ
ਅਸੀਂ ਪੰਥ ਨੂੰ ਦਾਅ ਨਹੀਂ ਲਾਉਣ ਦੇਣਾ

ਉੱਪਰ ਤਿੱਕ ਦਬਾ ਹੈ ਫਿਰਕੂਆਂ ਦਾ
ਸਾਡੇ ਨਾਲ ਨੀ ਕਰਕੇ ਨਿਆਂ ਰਾਜ਼ੀ

ਸਾਡੀ ਮਰਲਾ ਜ਼ਮੀਨ ਵੀ ਚੁਭਦੀ ਏ
ਆਪੂੰ ਮੱਲ ਕੇ ਵੀ ਨੀ ਘੁਮਾਂ ਰਾਜ਼ੀ

ਲਹੂ ਡੋਲ੍ਹਿਆ ਹਿੰਦੋਸਤਾਨ ਖਾਤਿਰ
ਹੋਏ ਸਾਡੇ ਗੁਆਂਢੀ ਨੀ ਤਾਂ ਰਾਜ਼ੀ

ਸੁੱਤੇ ਪਿਆਂ ਦਾ ਚੁੰਮਿਆ ਮੂੰਹ ਸਫ਼ਰੀ
ਮੁੰਡਾ ਰਾਜ਼ੀ ਨਾ ਮੁੰਡੇ ਦੀ ਮਾਂ ਰਾਜ਼ੀ

ਜਿਹੜੀ ਅਮਨ ਨੂੰ ਲਾਵੇਗੀ ਅੱਗ ਉਹਨੂੰ
ਵਿਹੜੇ ਵਿਚ ਤੰਦੂਰ ਨੀ ਤਾਉਣ ਦੇਣਾ

ਭਾਵੇਂ ਕਿੰਨਾ ਹੀ ਕੋਈ ਚਾਲਾਕ ਹੋਵੇ
ਅਸੀਂ ਪੰਥ ਨੂੰ ਦਾਅ ਨਹੀਂ ਲਾਉਣ ਦੇਣਾ

13. ਸਿੰਘ ਸਿਰ ਕਟਵਾਣੋਂ ਨਹੀਂ ਮੁੜਦੇ

ਫੁੱਲਾਂ ਨੂੰ ਮਿਧਣਾ ਸੌਖਾ ਹੈ ਇਹ ਲੋਕ ਸਮਝਦੇ ਸਾਰੇ ਨੇ
ਮੂੰਹ ਮੋੜੇ ਖ਼ੂਨੀ ਤੇਗਾਂ ਦੇ ਗੁਰ ਤੇਗ਼ ਬਹਾਦਰ ਪਿਆਰੇ ਨੇ
ਕਿਨ ਮੁਗ਼ਲ ਰਾਜ ਨੂੰ ਖਾਧਾ ਏ ਕਿਨ ਪਾਪੀ ਲੱਖ ਨਘਾਰੇ ਨੇ
ਇੱਕ ਦੇਗੇ ਭਾਈ ਦਿਆਲੇ ਦੇ ਇੱਕ ਮਤੀ ਦਾਸ ਦੇ ਆਰੇ ਨੇ

ਔਹ ਸਹਿਜੇ ਸਹਿਜੇ ਮਤੀ ਦਾਸ ਰੂਈ ਵਿਚ ਜਲਦਾ ਜਾਂਦਾ ਏ
ਬਸ ਮੁਗ਼ਲ ਰਾਜ ਦੇ ਪਾਪਾਂ ਦਾ ਸੂਰਜ ਹੀ ਢਲਦਾ ਜਾਂਦਾ ਏ

ਉਹ ਧੰਨ ਜਿਨ੍ਹਾਂ ਨੇ ਧਰਮ ਲਈ ਜੀਵਨ ਹੀ ਘੋਲ ਘੁਮਾ ਦਿੱਤੇ
ਖ਼ੁਦ ਚੜ੍ਹਖੜੀਆਂ ਤੇ ਚੜ੍ਹ ਗਏ ਪਰ ਤਿਲਕਾਂ ਤੇ ਰੰਗ ਚੜ੍ਹਾ ਦਿੱਤੇ
ਖ਼ੁਦ ਮਿਟ ਕੇ ਤੇਗ਼ ਬਹਾਦਰ ਨੇ ਭਾਰਤ ਦੇ ਕਸ਼ਟ ਮਿਟਾ ਦਿੱਤੇ
ਤੇ ਟੁੱਟੇ ਹੋਏ ਜਨੇਊਆਂ ਨੂੰ ਆਂਦਾ ਦੇ ਗਾਂਢੇ ਲਾ ਦਿੱਤੇ

ਕੇਡਾ ਦਿਲ ਗੁਰੂ ਗੋਬਿੰਦ ਸਿੰਘ ਦਾ ਕਰ ਵੱਖਰਾ ਹੀ ਵਿਉਪਾਰ ਗਿਆ
ਇੱਕ ਬੋਦੀ ਦੇ ਚਹੁੰ ਵਾਲਾਂ ਤੋਂ ਚੁੰਹ ਪੁੱਤਰਾਂ ਦੀ ਜਿੰਦ ਵਾਰ ਗਿਆ

ਮਕਤਲ ਵਿਚ ਤੇਗ਼ ਬਹਾਦਰ ਤੇ ਕਾਤਿਲ ਨੇ ਤੇਗ਼ ਉਭਾਰੀ ਏ
ਧਰਤੀ ਦੀ ਛਾਤੀ ਪਾਟ ਗਈ ਇੱਕ ਧਾਂਹ ਅੰਬਰ ਨੇ ਮਾਰੀ ਏ
ਕੁਝ ਪਤਾ ਅਗੋਂ ਕੀ ਹੋਣਾ ਏਂ ਕਿਸ ਕਿਸ ਦੀ ਆਉਣੀ ਵਾਰੀ ਏ
ਹਾਲ਼ੀ ਤਾਂ ਮਾਤਾ ਗੁਜਰੀ ਨੇ ਪਹਿਲੀ ਹੀ ਚੋਟ ਸਹਾਰੀ ਏ !

ਕੱਟ ਗਈ ਮੁਸੀਬਤ ਵਤਨਾਂ ਦੀ ਸਤਿਗੁਰ ਦੀ ਗਰਦਨ ਕੱਟ ਗਈ ਏ
ਔਰੰਗਜ਼ੇਬ ਤੇਰੇ ਪਾਪਾਂ ਦੀ ਆਕਾਸ਼ ਤੇ ਬਦਲੀ ਫਟ ਗਈ ਏ !!

ਔਹ ਦੇਗੇ ਵਿਚ ਤੇ ਰੂਈ ਵਿਚ ਜਿੰਦ ਕੌਣ ਜਲਾਈ ਜਾਂਦੇ ਨੇ
ਇਹ ਨਵੇਂ ਮੁਸੱਵਰ ਸਿੱਖੀ ਦੀ ਤਸਵੀਰ ਬਣਾਈ ਜਾਂਦੇ ਨੇ
ਆਰੇ ਦੇ ਦੰਦੇ ਮਤੀ ਦਾਸ ਤੇਰਾ ਖ਼ੂਨ ਬਹਾਈ ਜਾਂਦੇ ਨੇ
ਇਸ ਖ਼ੂਨ ਨਾਲ ਉਹ ਪਾਪਾਂ ਵਾਲੀ ਅੱਗ ਬੁਝਾਈ ਜਾਂਦੇ ਨੇ

ਔਹ ਮਤੀ ਦਾਸ ਵੀ ਜਲਦੀ ਹੋਈ ਰੂਈ ਦੇ ਵਿਚ ਲਪੇਟੇ ਗਏ
ਐ ਨੇਕ ਬ੍ਰਾਹਮਣ ਸ਼ੁਕਰ ਮਨਾ ਤੇਰੇ ਸਾਰੇ ਦੁੱਖ ਸਮੇਟੇ ਗਏ

ਔਰੰਗਜ਼ੇਬ ਤਾਂ ਖ਼ਾਲੀ ਸੀ ਗੁਰ ਤੇਗ਼ ਬਹਾਦਰ ਨੂਰੀ ਸੀ
ਜਿਉਂ ਆਸਮਾਨ ਤੇ ਧਰਤੀ ਹੈ ਦੋਹਾਂ ਵਿਚ ਇਤਨੀ ਦੂਰੀ ਸੀ
ਸਿਰ ਦੇਣਾ ਤੇਗ਼ ਬਹਾਦਰ ਦਾ ਦਿੱਲੀ ਵਿਚ ਬੜਾ ਜ਼ਰੂਰੀ ਸੀ
ਸੱਚ ਪੁੱਛੋ ਇਹਦੇ ਸੀਸ ਬਿਨਾਂ ਗੁਰਸਿੱਖੀ ਅਜੇ ਅਧੂਰੀ ਸੀ

ਮੇਰੇ ਸਤਿਗੁਰ ਤੇਗ਼ ਬਹਾਦਰ ਨੇ ਜਿੰਦ ਜੰਞੂਆਂ ਲੇਖੇ ਲਾ ਦਿੱਤੀ
ਤੇ ਆਸਮਾਨ ਤੋਂ ਵੀ ਉੱਚੀ ਦੀਵਾਰ ਜ਼ੁਲਮ ਦੀ ਢਾ ਦਿੱਤੀ

ਤੂੰ ਤੇਗ਼ ਬਹਾਦਰ ਧੰਨ ਧੰਨ ਤੇਰੀ ਦਾਤਾ ਧੰਨ ਕਮਾਈ ਏ
ਰੁੜ੍ਹਦੀ ਹੋਈ ਬੇੜੀ ਭਾਰਤ ਦੀ ਤੂੰ ਆਣ ਕਿਨਾਰੇ ਲਾਈ ਏ
ਪਾਪਾਂ ਦੀ ਅੱਗ ਬੁਝਾਵਣ ਲਈ ਤੂੰ ਦਿਲ ਦੀ ਰੱਤ ਬਹਾਈ ਏ
ਉਸ ਰੱਤ ਦੀ ਸਾਡੇ ਗੁਰਧਾਮਾਂ ਤੇ ਮੰਦਰਾਂ ਵਿਚ ਰੁਸ਼ਨਾਈ ਏ

ਜੇ ਗੋਬਿੰਦ ਰਾਏ ਬਾਪੂ ਦਾ ਸਦਮਾ ਨਾ ਸਿਰ ਤੇ ਸਹਿ ਜਾਂਦਾ
ਕੀ ਨਿਰਾ ਜਨੇਊ ਲਹਿਣਾ ਸੀ ਪੰਡਤਾ ਤੇਰਾ ਸਿਰ ਵੀ ਲਹਿ ਜਾਂਦਾ

ਸਿੰਘ ਸਿਰ ਕਟਵਾਉਣੋ ਨਹੀਂ ਮੁੜਦੇ ਮੁੜ ਜਾਂਦੇ ਮੂੰਹ ਤਲਵਾਰਾਂ ਦੇ
ਇਹ ਸਸਤਾ ਖ਼ੂਨ ਲੁਟਾਉਂਦੇ ਨੇ ਪੁੱਛਦੇ ਨਹੀਂ ਭਾਅ ਬਾਜ਼ਾਰਾਂ ਦੇ
ਪੱਤ ਝੜਾਂ 'ਚ ਰਹਿੰਦੇ ਰਹਿੰਦੇ ਵੀ ਗਾਉਂਦੇ ਨੇ ਗੀਤ ਬਹਾਰਾਂ ਦੇ
ਨਿਤ ਮੌਤ ਕਸੀਦੇ ਪੜ੍ਹਦੀ ਏ ਇਨ੍ਹਾਂ ਸਿਰ ਲਥਿਆਂ ਸਰਦਾਰਾਂ ਦੇ

ਅਸੀਂ ਫੋਕੇ ਧਰਨੇ ਨਹੀਂ ਦੇਂਦੇ ਸਿਰ ਤਲੀ ਤੇ ਧਰਨਾ ਆਉਂਦਾ ਏ
ਅਣਖੀਲਾ ਜੀਵਨ ਜੀਣ ਲਈ ਸਾਨੂੰ ਹੱਸ ਕੇ ਮਰਨਾ ਆਉਂਦਾ ਏ

ਐ ਸਤਿਗੁਰ ਤੇਰਾ ਕੀਤਾ ਅੱਜ ਉਪਕਾਰ ਵਤਨ ਨੂੰ ਭੁੱਲ ਗਿਆ
ਵਡਮੁੱਲਾ ਖ਼ੂਨ ਸ਼ਹੀਦਾਂ ਦਾ ਅੱਜ ਕੌਡਾਂ ਦੇ ਭਾਅ ਤੁੱਲ ਗਿਆ
ਸਿੰਘ ਦਸਮ ਪਿਤਾ ਦਾ ਹੀਰਾ ਸੀ ਅੱਜ ਮਿੱਟੀ ਦੇ ਵਿਚ ਰੁੱਲ ਗਿਆ
ਚੇਤਾ ਹੈ ਸੰਨ ਚੁਰਾਸੀ ਦਾ ਸਾਡੀ ਕੀਤੀ ਦਾ ਪੈ ਮੁੱਲ ਗਿਆ

ਜਿਸ ਚੜ੍ਹਦੇ ਸੰਨ ਚੁਰਾਸੀ ਵਿਚ ਆਹ ਜ਼ੁਲਮ ਅਸਾਂ ਤੇ ਢਾ ਦਿੱਤਾ
ਸਿੰਘਾਂ ਨੇ ਸਿਤਮ ਸਹਾਰ ਲਿਆ ਤੇ ਸਭ ਕੁਝ ਮਨੋਂ ਭੁਲਾ ਦਿੱਤਾ

ਸਾਨੂੰ ਬਾਗ਼ੀ ਬਾਗ਼ੀ ਕਹਿੰਦੇ ਨੇ ਅਲਜ਼ਾਮ ਅਸਾਂ ਨੂੰ ਅੱਜ ਦਾ ਏ
ਸਤਿਗੁਰ ਹੀ ਸਾਡਾ ਰਾਖਾ ਏ ਸਤਿਗੁਰ ਹੀ ਪੜਦੇ ਕੱਜਦਾ ਏ
ਨਿਤ ਨਵੇਂ ਨਵੇਰੇ ਸੀਨੇ ਵਿਚ ਇਕ ਨਵਾਂ ਹੀ ਨਸ਼ਤਰ ਵੱਜਦਾ ਏ
ਸਿੰਘ ਵਿਚ ਮੁਸੀਬਤ ਘਿਰਿਆ ਵੀ ਪਿਆ ਸ਼ੇਰ ਵਾਂਗਰਾਂ ਗੱਜਦਾ ਏ

ਵਤਨਾਂ ਵਿਚ ਰੌਲਾ ਰੱਪਾ ਹੈ ਇੱਕ ਮਸਜਦ ਦਾ ਇੱਕ ਮੰਦਰ ਦਾ
ਜੇ ਅਸਲੀ ਗਲ ਫਰੋਲੋ ਤਾਂ ਇਹ ਝਗੜਾ ਹੈ ਸਭ ਅੰਦਰ ਦਾ

....

14. ਸ਼ਹੀਦ ਦਰਸ਼ਨ ਸਿੰਘ ਫੇਰੂਮਾਨ

ਸੱਤਰ ਤੇ ਚਾਰ ਚੁਹੱਤਰ ਦਿਨ ਇੱਕ ਸ਼ਮ੍ਹਾ ਅਨੋਖੀ ਬਲਦੀ ਰਹੀ
ਦਿਨ ਰਾਤ ਅੱਗ ਦੀਆਂ ਲਾਟਾਂ ਤੇ ਇੱਕ ਸ਼ੇਰ ਦੀ ਚਰਬੀ ਢਲਦੀ ਰਹੀ
ਸਿੱਖ ਕੌਮ ਵੀ ਇਕ ਫੁਲਵਾੜੀ ਹੈ ਹਰ ਝੱਖੜ ਸਿਰ ਤੇ ਝਲਦੀ ਰਹੀ
ਫੁੱਲ ਜਿਉਂ ਜਿਉਂ ਇਸ ਦੇ ਝੜਦੇ ਰਹੇ ਇਹ ਤਿਉਂ ਤਿਉਂ ਫੁਲਦੀ ਫਲਦੀ ਰਹੀ

ਇਹ ਦੁਨੀਆਂ ਸਾਰੀ ਫ਼ਾਨੀ ਹੈ ਇਤਬਾਰ ਨਾ ਕਰੋ ਸੁਆਸਾਂ ਦੇ
ਦਰਸ਼ਨ ਸਿੰਘ ਸਾਨੂੰ ਦੱਸ ਗਿਆ ਕੀ ਅਰਥ ਹੁੰਦੇ ਅਰਦਾਸਾਂ ਦੇ

ਸੀ ਗੱਲ ਗੁਆਈ ਗਾਲੜੀਆਂ ਉਨ ਆਪਣੀ ਜਾਨ ਗੁਆਂ ਲਈ ਏ
ਤੇ ਸਤਿਗੁਰ ਤੇਗ਼ ਬਹਾਦਰ ਦੇ ਚਰਨਾਂ ਵਿਚ ਬਿਰਤੀ ਲਾ ਲਈ ਏ
ਉਹਨੂੰ ਤਾਂ ਭਾਈ ਦਿਆਲੇ ਨੇ ਘੁੱਟ ਕੇ ਗਲਵਕੜੀ ਪਾ ਲਈ ਏ
ਆਪਣਾ ਤਾਂ ਕੁੱਝ ਨਹੀਂ ਬਚਿਆ ਉਨ ਕੌਮ ਦੀ ਅਣਖ ਬਚਾਲਈ ਏ

ਉਸ ਅੰਮ੍ਰਿਤ ਪੀਤਾ ਖੰਡੇ ਦਾ ਬਣ ਕਲਗੀਧਰ ਦਾ ਸ਼ੇਰ ਗਿਆ
ਕੀ ਫੇਰੂਮਾਨ ਸ਼ਹੀਦ ਹੋਇਆ ਪੰਜਾਬ ਦੀ ਕਿਸਮਤ ਫੇਰ ਗਿਆ

ਪ੍ਰਧਾਨ ਮੰਤਰੀ ਇੰਦਰਾ ਵੀ ਉਹਨੂੰ ਮਿੰਨਤਾਂ ਨਾਲ ਮਨਾਉਂਦੀ ਰਹੀ
ਹਰ ਟੋਲੀ ਲੀਡਰ ਲੋਕਾਂ ਦੀ ਉਹਦੇ ਦਰ ਤੇ ਸੀਸ ਨਿਵਾਉਂਦੀ ਰਹੀ
ਪੰਜਾਬ ਹਕੂਮਤ ਵੀ ਉਹਨੂੰ ਰਸਤੇ ਤੋਂ ਪਰ੍ਹੇ ਹਟਾਉਂਦੀ ਰਹੀ
ਉਸ ਮਰਦ ਮਜਾਹਦ ਦੇ ਮੂੰਹੋਂ ਇੱਕ ਵਾਜ ਇਹੋ ਹੀ ਆਉਂਦੀ ਰਹੀ

ਮੈਂ ਅੰਮ੍ਰਿਤ ਪੀਤਾ ਖੰਡੇ ਦਾ ਕਰ ਮਕਸਦ ਨਾ ਮੇਰਾ ਫੌਤ ਦਿਉ
ਮੈਨੂੰ ਇੱਕ ਵਸਤ ਜ਼ਰੂਰ ਦਿਉ ਜਾਂ ਚੰਡੀਗੜ੍ਹ ਜਾਂ ਮੌਤ ਦਿਉ

ਮੈਂ ਸਹੁੰ ਖਾਧੀ ਹੈ ਸਿੱਖੀ ਦੀ ਹੁਣ ਅੰਨ ਕਦੇ ਨਾ ਖਾਵਾਂਗਾ
ਗੁਰੂ ਪੰਥ ਦੇ ਨਾਲ ਧਰੋਹ ਕਰਕੇ ਤਨਖਾਹੀਆ ਨਹੀਂ ਕਹਾਵਾਂਗਾ
ਜੇ ਅੰਨ ਦਾ ਭੋਰਾ ਖਾਵਾਂਗਾ ਤਾਂ ਮਾਸ ਵਤਨ ਦਾ ਖਾਵਾਂਗਾ
ਦਸ਼ਮੇਸ਼ ਪਿਤਾ ਦੇ ਦਰ ਉਤੇ ਮੈਂ ਕੀ ਮੂੰਹ ਲੈ ਕੇ ਜਾਵਾਂਗਾ

ਅੱਜ ਮੂੰਹ ਵਿਚ ਉਂਗਲਾਂ ਪਾਉਂਦੀਆਂ ਨੇ ਕੁਲ ਕੌਮਾਂ ਹਿੰਦੋਸਤਾਨ ਦੀਆਂ
ਪਰਵਾਨੇ ਸਿਫਤਾਂ ਕਰਦੇ ਨੇ ਦਰਸ਼ਨ ਸਿੰਘ ਫੇਰੂਮਾਨ ਦੀਆਂ

ਉਹ ਭੁਖ ਨੂੰ ਖਾਈ ਜਾਂਦਾ ਸੀ ਦੁਨੀਆਂ ਪਈ ਖੀਰਾਂ ਖਾਂਦੀ ਸੀ
ਉਹ ਨਾਨਕ ਨਾਨਕ ਜਪਦਾ ਸੀ ਉਹਦੀ ਜੀਭ ਜਦੋਂ ਥਥਲਾਂਦੀ ਸੀ
ਉਹਦੇ ਕੋਲੇ ਹੁੰਦੇ ਜਾਂਦੇ ਸੀ ਆਕ੍ਰਿਤਘਣਾਂ ਦੀ ਚਾਂਦੀ ਸੀ
ਕੋਈ ਬੈਠਾ ਈਦ ਮਨਾਉਂਦਾ ਸੀ ਉਹਦੀ ਖੱਲ ਉਤਰਦੀ ਜਾਂਦੀ ਸੀ

ਜਦ ਦਰਸ਼ਨ ਕੀਤੇ ਬਾਪੂ ਦੇ ਉਹਦੀ ਲਾਡ ਲਡਿੱਕੀ ਬੱਚੀ ਨੇ
ਤੇ ਭਰੇ ਕਲੇਜੇ ਨਾਲ ਕਿਹਾ ਉਸ ਬੋਲ ਤੋਲ ਦੀ ਸੱਚੀ ਨੇ

ਬਾਪੂ ਤੂੰ ਖ਼ਾਤਿਰ ਜਿਹਨਾਂ ਦੀ ਅੱਜ ਸਖ਼ਤ ਤਸੀਹੇ ਝੱਲੇ ਨੇ
ਤੇਰੀ ਕਦਰ ਉਨ੍ਹਾਂ ਨੇ ਕੀ ਕਰਨੀ ਬੇ ਕਦਰੇ ਬੜੇ ਨਿਗੱਲੇ ਨੇ
ਦਰ ਉੱਚਾ ਬੜਾ ਸ਼ਹੀਦੀ ਦਾ ਲੱਭਣ ਦੇ ਢੰਗ ਅਵੱਲੇ ਨੇ
ਜੇ ਸਿਰ ਦਿਤਿਆਂ ਵੀ ਮਿਲ ਜਾਵੇ ਤਾਂ ਸਮਝਾਂ ਭਾਗ ਸਵੱਲੇ ਨੇ

ਤੂੰ ਜਿਨ੍ਹਾਂ ਦੀ ਖ਼ਾਤਿਰ ਮਰਨਾ ਏ ਤੇਰੇ ਮਰਨੇ ਤੇ ਕੀ ਆਵਣਗੇ
ਤੇਰੀ ਲਾਸ਼ ਦੇ ਉਤੇ ਬੇ ਕਦਰੇ ਕੀ ਦੋ ਗਜ਼ ਕੱਪੜਾ ਪਾਵਣਗੇ ?

ਉੱਤਰ ਵਿਚ ਆਖਿਆ ਬਾਪੂ ਨੇ ਕੀ ਜਿੰਦ ਅਜਾਬੋਂ ਛੁਟਦੀ ਏ
ਮੈਂ ਵਰਤ ਤੋੜ ਲਾਂ ਹੇ ਬੇਟੀ ਮੇਰੀ ਪ੍ਰੀਤ ਪੰਥ ਤੋਂ ਟੁਟਦੀ ਏ
ਦੁਨੀਆਂ ਦਾ ਚਮਨ ਅਨੋਖਾ ਹਰ ਪੰਛੀ ਦੀ ਚੋਗ ਨਿਖੁਟਦੀ ਏ
ਤੇਰੇ ਫੁੱਟ ਫੁੱਟ ਬੱਚੀਏ ਰੋਣ ਨਾਲ ਪੰਜਾਬ ਦੀ ਕਿਸਮਤ ਫੁਟਦੀ ਏ

ਅਰਦਾਸਾ ਕਰਕੇ ਭੌਂ ਜਾਵਾਂ ਲੈ ਲਵਾਂ ਹਕੂਮਤ ਦੇਸ਼ਾਂ ਦੀ
ਮੈਂ ਕਲਗੀਧਰ ਦਾ ਸੇਵਕ ਹਾਂ ਮੈਨੂੰ ਸ਼ਰਮ ਮਾਰਦੀ ਕੇਸਾਂ ਦੀ

ਕੋਈ ਢਾਈ ਮਹੀਨੇ ਥੋੜ੍ਹੇ ਸਨ ਰੱਤ ਤੁਬਕਾ ਤੁਬਕਾ ਡੁਲ੍ਹਦੀ ਰਹੀ
ਕਾਲਖ ਪੰਜਾਬ ਦੇ ਮਸਤਕ ਦੀ ਉਹਦੇ ਲਾਲ ਲਹੂ ਵਿਚ ਧੁਲਦੀ ਰਹੀ
ਉਹ ਰੋਜ਼ ਮੌਤ ਨਾਲ ਘੁਲਦਾ ਸੀ ਤੇ ਮੌਤ ਉਹਦੇ ਨਾਲ ਘੁਲਦੀ ਰਹੀ
ਨਾ ਉਨ ਖਾਧਾ ਨਾ ਇਨ ਖਾਧਾ ਦੋਹਾਂ ਦੀ ਤਾਕਤ ਤੁਲਦੀ ਰਹੀ

ਜਦ ਆਇਆ ਰੋਜ਼ ਚੁਹਤਰਵਾਂ ਤਾਂ ਸਮੇਂ ਨੇ ਰੰਗ ਵਟਾ ਦਿੱਤਾ
ਜ਼ਿੰਦਗੀ ਦੇ ਓਸ ਘੁਲੈਟੇ ਨੇ ਝਟ ਮੌਤ ਦਾ ਮੋਢਾ ਲਾ ਦਿੱਤਾ

ਅੱਜ ਦਰਸ਼ਨ ਸਿੰਘ ਨੂੰ ਕੀ ਹੋਇਆ ਉਹਦੀ ਜਿੰਦ ਪੰਥ ਤੋਂ ਵਾਰੀ ਗਈ
ਉਹਦੇ ਸਿਰ ਤੇ ਦੇਸ਼ ਦਾ ਕਰਜ਼ਾ ਸੀ ਰੱਤ ਦੇ ਕੇ ਰਕਮ ਉਤਾਰੀ ਗਈ
ਉਹ ਦੂਤੀਆ ਗੁਲ ਮੁਹੰਮਦ ਦੀ ਕਿਉਂ ਸ਼ਕਲ ਦੋਬਾਰਾ ਧਾਰੀ ਗਈ
ਤੇ ਮੁੜਕੇ ਗੁਰੂ ਗੋਬਿੰਦ ਸਿੰਘ ਦੇ ਸੀਨੇ ਵਿਚ ਖੰਜਰ ਮਾਰੀ ਗਈ

ਅੱਗ ਲਗ ਗਈ ਦੇਸ਼ ਦੀ ਧਰਤੀ ਨੂੰ ਨਾ ਹੰਝੂਆਂ ਨਾਲ ਬੁਝਾਈ ਗਈ
ਅਰਥੀ ਵੀ ਓਸ ਬਹਾਦਰ ਦੀ ਕੰਡਿਆਂ ਦੇ ਨਾਲ ਸਜਾਈ ਗਈ

ਆਹ ! ਫੇਰੂਮਾਨ ਕੀ ਬੀਤ ਗਿਆ ਸਿੱਖ ਕੌਮ ਤੇ ਬਿਪਤਾ ਬੀਤੀ ਏ
ਸਿੱਖ ਕੌਮ ਦੇ ਬੀਰ ਬਹਾਦਰ ਨੇ ਵਾਹ ਘੋਰ ਤਪੱਸਿਆ ਕੀਤੀ ਏ !!

ਅੰਬਰ ਦੇ ਕੁਲ ਸ਼ਹੀਦਾਂ ਤੋਂ ਉਨ ਸ਼ਾਬਾਸ਼ੇ ਲੈ ਲੀਤੀ ਏ
ਸਿੱਖੀ ਦੀ ਖ਼ਾਤਿਰ ਮਿਟ ਜਾਣਾ ਅਜ਼ਲਾਂ ਤੋਂ ਸਾਡੀ ਨੀਤੀ ਏ !
ਸਫ਼ਰੀ ਉਹ ਹੇਤੂ ਵਤਨਾਂ ਦਾ ਜੋ ਦੇਸ਼ ਦੀ ਖਾਤਿਰ ਖੋ ਜਾਵੇ
ਹੁਣ ਸੀਸ ਤਲੀ ਤੇ ਧਰ ਲੀਤਾ ਜੋ ਹੋਣਾ ਹੈ ਸੋ ਹੋ ਜਾਵੇ

15. ਭਾਈ ਸੰਗਤ ਸਿੰਘ

ਕਿਲ੍ਹਾ ਛਡਦਿਆਂ ਪਿਤਾ ਦਸ਼ਮੇਸ਼ ਬੋਲੇ
ਕਾਇਆ ਨਾਲ ਕੋਈ ਸਿੰਘੋ ਪਿਆਰ ਨੀ ਰਿਹਾ
ਜਿੰਨੇ ਪੰਥ ਖਾਤਿਰ ਤੁਸਾਂ ਦੁਖ ਝੱਲੇ
ਕੋਈ ਅੰਤ ਨੀ ਰਿਹਾ ਕੋਈ ਸ਼ੁਮਾਰ ਨੀ ਰਿਹਾ

ਪਿਤਾ ਮੇਰਾ ਵੀ ਦਿੱਲੀ ਸ਼ਹੀਦ ਹੋਇਆ
ਫਿਰ ਅਜੀਤ ਨੀ ਰਿਹਾ ਤੇ ਜੁਝਾਰ ਨੀ ਰਿਹਾ

ਨਿੱਕੇ ਲਾਲਾਂ ਤੇ ਮਾਤਾ ਦੀ ਖ਼ਬਰ ਕੋਈ ਨੀ
ਮੇਰੇ ਨਾਲ ਕੋਈ ਮੇਰਾ ਪਰਿਵਾਰ ਨੀ ਰਿਹਾ
ਜੋੜਾ ਨਨ੍ਹੇ ਮਾਸੂਮਾਂ ਚਾਈਂ ਚਾਈਂ ਜਾ ਕੇ
ਦਾਦੇ ਦੀ ਗੋਦੀ 'ਚ ਬਹਿ ਗਿਆ ਏ

ਮੇਰੇ ਵਤਨ ਤੂੰ ਬੋਲ ਨਾ ਮੇਰੇ ਜ਼ੁਮੇਂ
ਤੇਰਾ ਹੋਰ ਬਕਾਇਆ ਕੀ ਰਹਿ ਗਿਆ ਏ

ਹੁਣ ਮੈਂ ਗੜ੍ਹੀ ਚਮਕੌਰ ਚੋਂ ਖਾਲਸਾ ਜੀ
ਤੁਹਾਡਾ ਹੁਕਮ ਵਜਾ ਕੇ ਚੱਲਿਆ ਹਾਂ
ਧੰਨ ਭਾਗ ਕਿ ਲੋਕਾਂ ਦੇ ਪੁੱਤਰਾਂ ਲਈ
ਆਪਣੇ ਪੁੱਤਰ ਕੁਹਾ ਕੇ ਚੱਲਿਆ ਹਾਂ

ਮੈਨੂੰ ਸੇਵਾ ਅਕਾਲ ਨੇ ਲਾਈ ਜਿਹੜੀ
ਉਹ ਮੈਂ ਸੇਵਾ ਨਿਭਾ ਕੇ ਚੱਲਿਆ ਹਾਂ

ਗਿਣਦੇ ਰਹਿਣਗੇ ਵੈਰੀ ਮੈਦਾਨ ਅੰਦਰ
ਜਿੰਨੀਆਂ ਲੋਥਾਂ ਵਛਾ ਕੇ ਚੱਲਿਆ ਹਾਂ
ਸੰਗਤ ਸਿੰਘ ਦੀ ਹੈਸੀ ਨੁਹਾਰ ਮਿਲਦੀ
ਦਸਮ ਪਿਤਾ ਦੀ ਨੂਰੀ ਨੁਹਾਰ ਦੇ ਨਾਲ

ਸੱਚੇ ਪਾਤਸ਼ਾਹ ਜੱਫੀ 'ਚ ਲੈ ਉਹਨੂੰ
ਬੋਲੇ ਮੁਖ ਤੋਂ ਬੜੇ ਪਿਆਰ ਦੇ ਨਾਲ

ਆਹ ਲੈ ਸੰਗਤ ਸਿੰਘਾ ਆਹ ਲੈ ਸਾਂਭ ਕਲਗੀ
ਤੋੜਾ ਆਪਣੇ ਸੀਸ ਸਜਾ ਕੇ ਬਹੁ

ਦੁਸ਼ਮਨ ਸਮਝੇ ਤੂੰ ਗੁਰੂ ਗੋਬਿੰਦ ਸਿੰਘ ਹੈਂ
ਦੁਸ਼ਮਨ ਤਾਈ ਭੁਲੇਖੇ 'ਚ ਪਾ ਕੇ ਬਹੁ

ਜਿਥੇ ਬੈਠਾ ਸਾਂ ਮੈਂ ਕਮਾਨ ਫੜ ਕੇ ਤੂੰ ਵੀ
ਉਥੋਂ ਹੀ ਚਿੱਲਾ ਚੜ੍ਹਾ ਕੇ ਬਹੁ

ਗਿੱਦੜ ਆਉਣ ਹਜ਼ਾਰ ਤਾਂ ਟਾਕਰੇ ਤੇ
ਅਗੋਂ ਸ਼ੇਰ ਦਾ ਜਿਗਰਾ ਬਣਾ ਕੇ ਬਹੁ
ਖੰਡੇਧਾਰ ਪਿਲਾਈ ਏ ਪਹੁਲ ਤੈਨੂੰ
ਗੁਰੂ ਪੰਥ ਤੋਂ ਜਿੰਦ ਘੁਮਾਈਂ ਸਿੰਘਾ

ਲਹਿ ਜਾਏ ਸੀਸ ਵੀ ਤੇਰਾ ਬੇਸ਼ਕ ਧੜ ਤੋਂ
ਮੇਰੇ ਬਾਣੇ ਨੂੰ ਲਾਜ ਨਾ ਲਾਈਂ ਸਿੰਘਾ

ਸੰਗਤ ਸਿੰਘ ਨੇ ਕਿਹਾ ਅਧੀਨਗੀ ਨਾ
ਤੁਹਾਡਾ ਗੁਰੂ ਜੀ ਹੁਕਮ ਵਜਾ ਦਿਆਂਗਾ
ਜਿਹੜੀ ਸੇਵਾ ਲਗਾਈ ਏ ਮੇਰੇ ਜੁਮੇਂ
ਓਸ ਸੇਵਾ ਨੂੰ ਸਿਰੇ ਚੜ੍ਹਾ ਦਿਆਂਗਾ

ਕਿੰਨਾ ਬਖਸ਼ਿਆ ਮੈਨੂੰ ਬੁਲੰਦ ਰੁਤਬਾ
ਹੋ ਸਕੇ ਤਾਂ ਮੁੱਲ ਚੁਕਾ ਦਿਆਂਗਾ

ਦੁਸ਼ਮਨ ਕੀ ਮੈਂ ਅੰਬਰੀ ਬਿਜਲੀਆਂ ਨੂੰ
ਫੜ ਕੇ ਮੌਤ ਦੇ ਮੂੰਹ ਵਿਚ ਪਾ ਦਿਆਂਗਾ
ਮੈਨੂੰ ਪੰਥ ਪਿਆਰੇ ਤੇ ਮਾਣ ਚੋਖਾ
ਤਾਹੀਉਂ ਪੰਥ ਦਾ ਮੈਂ ਸੇਵਾਦਾਰ ਬਣਿਆ

ਮੈਨੂੰ ਫ਼ਖ਼ਰ ਹੈ ਸੱਚਿਆ ਸ਼ਹਿਨਸ਼ਾਹਾ
ਪਛੜੀ ਜਾਤ ਤੋਂ ਮੈਂ ਸਰਦਾਰ ਬਣਿਆ

ਮੇਰੇ ਦੇਸ਼ ਦੀਆਂ ਜਾਤਾਂ ਵੱਡੀਆਂ ਨੇ
ਜਿਹੜਾ ਕਰਮ ਕਮਾਇਆ ਮੈਂ ਜਾਣਦਾ ਹਾਂ
ਚੰਦੂ ਚੰਦਰੇ ਪੰਜਵੇਂ ਗੁਰੂ ਉਤੇ
ਸੜਦਾ ਰੇਤਾ ਪੁਆਇਆ ਮੈਂ ਜਾਣਦਾ ਹਾਂ

ਸੁੱਚਾ ਨੰਦ ਜ਼ਮਾਨੇ ਦੀ ਜੂਠ ਜਿਸਨੇ
ਸੂਬੇ ਤਾਈਂ ਭੜਕਾਇਆ ਮੈਂ ਜਾਣਦਾ ਹਾਂ

ਜਿਹੜਾ ਗੰਗੂ ਬ੍ਰਾਹਮਣ ਨੇ ਲੋਭ ਲੈ ਕੇ
ਲਾਲਾਂ ਤਾਈਂ ਪਕੜਾਇਆ ਮੈਂ ਜਾਣਦਾ ਹਾਂ
ਪਛੜੀ ਹੋਈ ਸ਼੍ਰੇਣੀ ਬੇਸ਼ੱਕ ਸਾਡੀ
ਅਸੀਂ ਪੰਥ ਦੀ ਸੇਵਾ ਕਮਾਉਣ ਵਾਲੇ

ਭਾਵੇਂ ਪਿਤਾ ਦਾ ਦਿੱਲੀਉਂ ਸੀਸ ਚੁੱਕ ਕੇ
ਆਨੰਦਪੁਰ ਹਾਂ ਅਸੀਂ ਲਿਆਉਣ ਵਾਲੇ

ਪੰਜ ਸੱਤ ਬਕਾਇਆ ਸੀ ਚਾਲੀਆਂ ਚੋਂ
ਬਾਹਰ ਕਿਲੇ ਚੋਂ ਬੀਰ ਬਲਕਾਰ ਆਏ
ਡੰਗਣ ਵਾਸਤੇ ਫ਼ੌਜ ਜਰਵਾਣਿਆਂ ਦੀ
ਫਨੀਅਰ ਸ਼ੂਕਦੇ ਫਨ ਖਿਲਾਰ ਆਏ

ਐਸੀ ਵਿਚ ਮੈਦਾਨ ਦੇ ਤੇਗ਼ ਵਾਹੀ
ਲੋਥਾਂ ਡਿਗੀਆਂ ਦਾ ਨਾ ਸ਼ੁਮਾਰ ਆਏ

ਜਿਵੇਂ ਨੀਲੇ ਆਕਾਸ਼ ਚੋਂ ਫੇਰ ਮੁੜ ਕੇ
ਲੜਨ ਲਈ ਅਜੀਤ ਜੁਝਾਰ ਆਏ
ਲੜਦੇ ਲੜਦਿਆਂ ਸੱਭੇ ਸ਼ਹੀਦ ਹੋ ਗਏ
ਸੰਗਤ ਸਿੰਘ ਨੇ ਵੀ ਆਪਾ ਵਾਰ ਦਿੱਤਾ

ਦੁਸ਼ਮਨ ਸਮਝਿਆ ਇਹੋ ਗੋਬਿੰਦ ਸਿੰਘ ਹੈ
ਧੋਖਾ ਦੇ ਕੇ ਸੀਸ ਉਤਾਰ ਦਿੱਤਾ

ਜਦੋਂ ਦਿੱਲੀ ਦਰਬਾਰ ਵਿਚ ਸੀਸ ਪੁੱਜਾ
ਖ਼ੁਸ਼ੀਆਂ ਸ਼ਾਹ ਔਰੰਗਾ ਮਨਾਉਣ ਲੱਗਾ
ਆਖ਼ਿਰ ਕਾਰ ਉਨ ਆਪਣੇ ਸ਼ਤਰੂ ਲਈ
ਦੁਆ ਮੰਗੀ ਤੇ ਹੱਥ ਫੈਲਾਉਣ ਲੱਗਾ

ਸੁਣਿਆ ਕੀ ਕਿ ਨੀਲੇ ਆਕਾਸ਼ ਉਤੇ
ਵਾਰ ਵਾਰ ਆਵਾਜ਼ਾ ਇਹ ਆਉਣ ਲੱਗਾ

ਪਾਪੀ ਸੂਬਾ ਸਰਹੰਦ ਦਾ ਬਾਦਸ਼ਾਹਾ
ਤੈਨੂੰ ਜਾਣ ਕੇ ਬੁੱਧੂ ਬਣਾਉਣ ਲੱਗਾ
ਇਹ ਸੀਸ ਨਹੀਂ ਗੁਰੂ ਗੋਬਿੰਦ ਸਿੰਘਦਾ
ਇਹ ਤਾਂ ਸੀਸ ਸੰਗਤ ਸਿੰਘ ਨਾਦਾਰ ਦਾ ਏ

ਸਫ਼ਰੀ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਤਾਂ ਮਾਛੀਵਾੜੇ 'ਚ ਚੁੱਭੀਆਂ ਮਾਰਦਾ ਏ

16. ਕਸ਼ਮੀਰ ਦੇ ਦੁਖੀ ਪੰਡਤ

ਰਵਾਂ ਰਵੀਂ ਕਸ਼ਮੀਰ ਦੇ ਦੁਖੀ ਪੰਡਤ ਸ਼ਹਿਰ ਸ੍ਰੀ ਅਨੰਦਪੁਰ ਆਣ ਪਹੁੰਚੇ
ਦਰਦ ਮੰਦਾਂ ਦੇ ਦਰਦ ਵੰਡਾਏ ਜਿਹੜਾ ਓਸ ਦਰਦੀ ਦੀ ਕਰਨ ਪਛਾਣ ਪਹੁੰਚੇ
ਤਾਣੇ ਜ਼ੁਲਮ ਤੇ ਸਿਤਮ ਨੇ ਤਣੇ ਹੋਏ ਸਨ ਖਬਰੇ! ਕਿਸ ਤਰ੍ਹਾਂ ਲਾ ਕੇ ਤਾਣ ਪਹੁੰਚੇ
ਗੁਰੂ ਤੇਗ਼ ਬਹਾਦਰ ਨੂੰ ਆਪ ਆਪਣੀ ਸਾਰੀ ਦਰਦ ਕਹਾਣੀ ਸੁਨਾਣ ਪਹੁੰਚੇ

ਸਾਡੇ ਮੱਥਿਉਂ ਤਿਲਕ ਵੀ ਤਿਲਕ ਗਏ ਨੇ ਅੱਧਮੋਏ ਜਨੇਊਆਂ ਚੋਂ ਜਾਨ ਨਹੀਂ ਰਹੀ
ਆਨਾਂ ਵਾਲਿਆ ਆਨੇ ਦੇ ਅਸੀਂ ਰਹਿ ਗਏ ਸਾਡੀ ਅਣਖ ਨੀ ਰਹੀ ਸਾਡੀ ਆਨ ਨੀ ਰਹੀ

ਸਾਨੂੰ ਕੋਈ ਸ਼ਕੈਤ ਨੀ ਦੇਸ਼ ਅੰਦਰ ਭਾਵੇਂ ਕੋਈ ਵੀ ਮਜ਼ਹਬ ਚਲਾਇਆ ਜਾਵੇ
ਭਾਵੇਂ ਮੱਕੇ ਮਦੀਨੇ ਨੂੰ ਹੋਣ ਸਜਦੇ ਭਾਵੇਂ ਕਾਂਸ਼ੀ ਨੂੰ ਸੀਸ ਨਿਵਾਇਆ ਜਾਵੇ
ਮੰਜ਼ਿਲ ਇਕ ਹੈ ਸਭਨਾ ਮੁਸਾਫਰਾਂ ਦੀ ਭਾਵੇਂ ਕੋਈ ਵੀ ਰਾਹ ਅਪਣਾਇਆ ਜਾਵੇ
ਐਪਰ ਜ਼ੁਲਮ ਹੈ ਗਊ ਨੂੰ ਕਤਲ ਕਰਕੇ ਲਹੂ ਮੱਥੇ ਬ੍ਰਾਹਮਣ ਦੇ ਲਾਇਆ ਜਾਵੇ

ਜੇ ਤੂੰ ਚਾਹੇਂ ਤਾਂ ਸੱਚਿਆ ਸ਼ਹਿਨਸ਼ਾਹਾ ਹਵਾ ਅਜੇ ਵੀ ਸੁੱਖਾਂ ਦੀ ਵਗ ਸਕਦੀ
ਤੇਰੇ ਬਿਨਾ ਮੁਸੀਬਤ ਦੇ ਸਾਗਰਾਂ ਚੋਂ ਸਾਡੀ ਬੇੜੀ ਪਾਰ ਨੀ ਲਗ ਸਕਦੀ

ਗੁਰਾਂ ਘੋਖਿਆਂ ਦੁਖੀਆਂ ਦੇ ਹਿਰਦਿਆਂ ਨੂੰ ਪੜ੍ਹਿਆ ਚਿਹਰਿਆਂ ਤਾਈਂ ਧਿਆਨ ਦੇ ਨਾਲ
"ਖੂਨੀ ਹੰਝੂ ਬ੍ਰਾਹਮਣੋਂ ਮੱਤ ਕੇਰੋ" ਬਣਨਾ ਕੁੱਝ ਨਾ ਰੋਣ ਰੁਆਣ ਦੇ ਨਾਲ
ਜੇ ਕਰ ਜੀਣਾ ਤਾਂ ਜੀਣਾ ਏਂ ਅਣਖ ਦੇ ਨਾ ਜੇਕਰ ਮਰਨਾ ਤਾਂ ਮਰਨਾ ਏ ਸ਼ਾਨ ਦੇ ਨਾਲ
ਮੁਗ਼ਲ ਸ਼ਾਹੀ ਗ਼ਰੀਬਾਂ ਤੇ ਜ਼ੁਲਮ ਕਰਕੇ ਧੱਕਾ ਕਰਦੀ ਏ ਹਿੰਦੋਸਤਾਨ ਦੇ ਨਾਲ

ਕੋਈ ਔਲੀਆ ਦਵੇ ਨਾ ਜਾਨ ਜਦ ਤੱਕ ਜਾਨ ਮੋਇਆਂ 'ਚ ਪਾਈ ਨੀ ਜਾ ਸਕਦੀ
ਕਿਸੇ ਮਹਾਂ ਤਪਸੀ ਦੇ ਖੂਨ ਬਾਹਝੋਂ ਖੂਨੀ ਅੱਗ ਬੁਝਾਈ ਨੀ ਜਾ ਸਕਦੀ

ਉਮਰ ਬਾਲੜੀ ਬੋਲੇ ਗੋਬਿੰਦ ਰਾਏ ਮੰਜ਼ਲ ਬਹੁਤੀ ਨੇੜੇ ਆਉਂਦੀ ਜਾਪਦੀ ਹੈ
ਸੁਣਿਆ. ਪਿਤਾ ਜੀ ਹਾਲ ਬ੍ਰਾਹਮਣਾਂ ਦਾ ਬਣੀ ਚੁਭਵੀਂ ਹੂਕ ਵਿਰਲਾਪ' ਦੀ ਹੈ
ਜਿਹਨੇ ਮਾਰ ਮੁਕਾਇਆ ਹੈ ਜੀਊਂਦਿਆਂ ਨੂੰ ਮੌਤ ਕਫ਼ਨ ਔਰੰਗੇ ਦਾ ਨਾਪਦੀ ਹੈ
ਪੰਚਮ ਪਾਤਸ਼ਾਹ ਪਹਿਲਾਂ ਸ਼ਹੀਦ ਹੋਏ ਹੁਣ ਤਾਂ ਪਿਤਾ ਜੀਉ ਵਾਰੀ ਆਪ ਦੀ ਹੈ

ਆਪਣੇ ਲਾਡਲੇ ਪੁੱਤਰ ਦੇ ਬਚਨ ਸੁਣ ਕੇ ਦਿੱਲੀ ਚਾਨਣੀ ਚੌਕ ਹਜ਼ੂਰ ਪਹੁੰਚੇ
ਚੁੰਮਣ ਲਈ ਸ਼ਹੀਦੀ ਦਾ ਜਾਮ ਮਿਠਾ ਗੁਰਾਂ ਨਾਲ ਤਬਰੇਜ਼ ਮਨਸੂਰ ਪਹੁੰਚੇ!!

ਮਤੀ ਦਾਸ ਦੇ ਸੀਸ ਤੇ ਰੱਖ ਆਰਾ ਗੁੱਸੇ ਨਾਲ ਜਲਾਦ ਇਹ ਕਹਿਣ ਲਗਾ
ਲੈ ਉਏ ਧਰਮ ਦੇ ਹੇਤੂਆ ਹੋ ਤਗੜਾ ਤੇਰੀ ਕਾਇਆ ਦਾ ਕੋਠੜਾ ਢਹਿਣ ਲਗਾ
ਮਤੀ ਦਾਸ ਉਦਾਸ ਨਾ ਰਤੀ ਹੋਇਆ ਭਾਣਾ ਮੰਨ ਕੇ ਸਖਤੀਆਂ ਸਹਿਣ ਲਗਾ
ਆਗ ਛਾਤੀ ਸ਼ਹੀਦ ਦੀ ਚੀਰ ਕੇ ਜਦ ਉਹਦੇ ਕੋਮਲ ਕਲੇਜੇ 'ਚ ਲਹਿਣ ਲਗਾ

ਖ਼ੂਨ ਉਛਲਿਆ ਕੇਸਰੀ ਪਏ ਛਿੱਟੇ ਇਉਂ ਲਿਖਿਆ ਗਿਆ ਦੀਵਾਰ ਉਤੇ
ਗੁਰੂ ਤੇਗ ਬਹਾਦਰ ਦੇ ਤੁੱਲ ਕੋਈ ਹੋ ਸੱਕਦਾ ਨਹੀਂ ਸੰਸਾਰ ਉਤੇ

ਸਤੀ ਦਾਸ ਵੀ ਧਰਮ ਤੋਂ ਸਤੀ ਹੋਇਆ ਜਲਦੀ ਰੂਈ ਅੰਦਰ ਜੁੱਸਾ ਜਾਲਿਆ ਗਿਆ
ਤੇ ਦਿਆਲੇ ਨੂੰ ਉਬਲਦੀ ਦੇਗ ਅੰਦਰ ਉਬਲੇ ਆਲੂਆਂ ਵਾਂਗ ਉਬਾਲਿਆ ਗਿਆ
ਗੁਰਾਂ ਉਤੇ ਜਲਾਦ ਨੇ ਤੇਗ਼ ਚੁੱਕੀ ਭਾਣਾ ਰੱਬ ਦਾ ਮੂਲ ਨਾ ਟਾਲਿਆ ਗਿਆ
ਮਾਨੋਂ ਪੰਜਵੇਂ ਗੁਰਾਂ ਨੂੰ ਫੇਰ ਮੁੜਕੇ ਤੱਤੇ ਤਵੀ ਦੇ ਉੱਤੇ ਬਿਠਾਲਿਆ ਗਿਆ

ਚੁੱਕੀ ਤੇਗ਼ ਜਲਾਦ ਨੇ ਤੇਗ਼ ਉੱਤੇ ਤੰਬੂ ਜ਼ੁਲਮ ਤੇ ਸਿਤਮ ਦਾ ਤਾਣ ਦਿੱਤਾ
ਗੁਰੂ ਤੇਗ਼ ਬਹਾਦਰ ਨੇ ਖਿੜੇ ਮੱਥੇ ਸੀਸ ਦਿੱਤਾ ਪਰ ਸਿਰੜ ਨੀ ਜਾਣ ਦਿੱਤਾ

ਲਖੀ ਸ਼ਾਹ ਨੇ ਲੱਖਾਂ ਦਾ ਘਰ ਲੂਹ ਕੇ ਨਾਵੇਂ ਪਾਤਸ਼ਾਹ ਦਾ ਸੰਸਕਾਰ ਕੀਤਾ
ਸੀਸ ਜੈਤੇ ਗ਼ਰੀਬ ਨੇ ਚੁੱਕਿਆ ਸੀ ਕਿਨੇ ਹੋਰ ਨੀ ਹਉਸਲਾ ਯਾਰ ਕੀਤਾ
ਸੀਸ ਪੁੱਜਾ ਅੰਨਦਪੁਰ ਸੀਸ ਤੱਕ ਕੇ ਦਸਮ ਪਾਤਸ਼ਾਹ ਇਹ ਅਜ਼ਹਾਰ ਕੀਤਾ
ਨਾਵੇਂ ਪਾਤਸ਼ਾਹ ਸੀਸ ਦਾ ਲਾ ਚੱਪੂ ਬੇੜਾ ਹਿੰਦੋਸਤਾਨ ਦਾ ਪਾਰ ਕੀਤਾ

ਦਸਮ ਪਾਤਸ਼ਾਹ ਦੁਖੀ ਬ੍ਰਾਹਮਣਾਂ ਦੇ ਨੈਣੋਂ ਇੱਕ ਵੀ ਹੰਝੂ ਨੀ ਚੋਣ ਦਿੱਤਾ
ਸਫ਼ਰੀ ਆਪ ਯਤੀਮ ਤਾਂ ਹੋ ਗਿਆ ਪਰ ਭਾਰਤ ਵਰਸ਼ ਯਤੀਮ ਨਾ ਹੋਣ ਦਿੱਤਾ

....

17. ਦਸ਼ਮੇਸ਼ ਤੇਰੇ ਖ਼ੂਨ ਦੀ ਖੁਸ਼ਬੂ ਆਉਂਦੀ ਪਈ ਏ

ਆ ਗਿਆ ਦਸ਼ਮੇਸ਼ ਸਤਿਗੁਰ ਸ਼ਹਿਰ ਪਟਨੇ ਆ ਗਿਆ
ਹਿੰਦ ਦੇ ਆਕਾਸ਼ ਤੇ ਖ਼ੁਸ਼ੀਆਂ ਦਾ ਬੱਦਲ ਛਾ ਗਿਆ
ਅੰਬਰਾਂ ਨੇ ਅਜ ਬਾਰਸ਼ ਅਮਨ ਦੀ ਵਰਸਾਈ ਏ
ਅੱਜ ਭਾਰਤ ਮਾਂ ਦੇ ਮੁਖੜੇ ਤੇ ਲਾਲੀ ਆਈ ਏ

ਸੰਧੂਰ ਬਾਟੇ ਵਿਚ ਅੱਜ ਪੰਡਤ ਹੁਰਾਂ ਨੇ ਘੋਲਿਆ
ਤਿਲਕ ਮੱਥੇ ਸਾਜਿਆ ਭਗਵਾਨ ਅਰਸ਼ੋਂ ਬੋਲਿਆ

"ਅੱਜ ਮੋਇਆਂ ਜਜ਼ਬਿਆਂ ਨੂੰ ਮੁੜ ਜਗਾਇਆ ਜਾਏਗਾ
ਮੋਈ ਹੋਈ ਮਾਨੁਖਤਾ ਵਿਚ ਸਾਸ ਪਾਇਆ ਜਾਏਗਾ

ਸੰਖ ਦੀ ਆਵਾਜ਼ ਸਦੀਆਂ ਬਾਅਦ ਕੰਨੀ ਪਈ ਏ
ਭਗਵਾਨ ਤੇਰੀ ਮੂਰਤੀ ਵੀ ਅੱਜ ਨਿੱਖਰ ਗਈ ਏ"

"ਅੱਜ ਨੌਵਾਂ ਪਾਤਸ਼ਾਹ ਜੋ ਤੇਗ਼ ਦਾ ਵੀ ਧਨੀ ਹੈ
ਸਰ ਕਟਾਵਣ ਤੁਰ ਪਿਆ ਏ ਕੀ ਮੁਸੀਬਤ ਬਣੀ ਹੈ"

ਐ ਬ੍ਰਾਹਮਣ ਤੱਗ ਤਿਰਾ ਜੇ ਕਿਤੇ ਵਿਸਰ ਜਾਏਗਾ
ਆਨ ਅਪਣੀ ਕੱਢ ਕੇ ਇਹ ਗਲ ਤੇਰੇ ਵਿਚ ਪਾਏਗਾ

ਮਾਛੀਵਾੜੇ ਕੌਣ ਸੀ ਜੋ ਸੱਥਰਾਂ ਤੇ ਸੌਂ ਗਿਆ
ਧਰਤ ਤੇ ਆਕਾਸ਼ ਦਾ ਵੀ ਰੰਗ ਇੱਕ ਦਮ ਭੌਂ ਗਿਆ

ਕੰਡਿਆਂ ਦੀ ਕਿਵੇਂ ਕਿਸਮਤ ਜਗਮਗਾਉਂਦੀ ਪਈ ਏ
ਦਸ਼ਮੇਸ਼ ਤੇਰੇ ਖ਼ੂਨ ਦੀ ਖ਼ੁਸ਼ਬੂ ਆਉਂਦੀ ਪਈ ਏ

ਪਿਤਾ ਨੇ ਵੀ ਜਿੰਦ ਲੇਖੇ ਜੰਞੂਆਂ ਦੇ ਲਾਈ ਏ
ਮਾਤ ਗੁਜਰੀ ਨੇ ਸ਼ਹੀਦੀ ਬੁਰਜ ਦੇ ਵਿਚ ਪਾਈ ਏ

ਪੁੱਤਰਾਂ ਦੀ ਬਲੀ ਬਾਹਝੋਂ ਗੱਲ ਨਹੀ ਸੀ ਸੌਰਦੀ
ਵਡੜੇ ਦੋ ਲਾਲ ਭੇਟਾ ਚੜ੍ਹ ਗਏ ਚਮਕੌਰ ਦੀ

ਨੱਨ੍ਹਾ ਜੋੜਾ ਜਾ ਕੇ ਦਾਦੇ ਦੀ ਗੋਦੀ ਬਹਿ ਗਿਆ
ਐ ਵਤਨ ਤਿਰਾ ਮੇਰੇ ਜ਼ੁੰਮੇਂ ਕੀ ਬਕਾਇਆ ਰਹਿ ਗਿਆ

ਇਹ ਨੇ ਥਾਵਾਂ ਦੋ ਜਿਨ੍ਹਾਂ ਨੂੰ ਪੂਜਦਾ ਸੰਸਾਰ ਹੈ
ਗੜ੍ਹੀ ਇੱਕ ਚਮਕੌਰ ਇੱਕ ਸਰਹੰਦ ਦੀ ਦੀਵਾਰ ਹੈ

ਗੜ੍ਹੀ ਦੇ ਵਿਚ ਅਜੇ ਵੀ ਦਸ਼ਮੇਸ਼ ਨਜ਼ਰੀਂ ਆ ਰਹੇ
ਗੜ੍ਹੀ ਲਾਗੇ ਨਾਅਰ ਖ਼ਾਂ ਦੀ ਲਾਸ਼ ਕੁੱਤੇ ਖਾ ਰਹੇ

ਸਰਹੰਦ ਦੀ ਦੀਵਾਰ ਵਿਚ ਦੋ ਲਾਲ ਲੁਕਦੇ ਜਾ ਰਹੇ
ਓ ਜਲਾਦੋ ! ਤੁਸਾਂ ਦੇ ਕਿਉਂ ਸਾਹ ਸੁੱਕਦੇ ਜਾ ਰਹੇ

ਕਿਸ ਤਰ੍ਹਾਂ ਔਹ ਰਦੇ ਉੱਤ ਰਦਾ ਚਿਣਿਆ ਜਾ ਰਿਹਾ
ਐ ਵਜ਼ੀਦੇ ਤਰਾਂ ਤਾਂ ਕਫਣ ਮਿਣਿਆ ਜਾ ਰਿਹਾ?

ਕੋਈ ਗੰਗੂ ਨੂੰ ਸੁਨੇਹਾ ਦਿਉ ਗੁਜਰੀ ਮਾਂ ਦਾ
ਇੱਕ ਪੱਥਰ ਲਾਲ ਤੂੰ ਵੀ ਲਾ ਜਾ ਅਪਣੇ ਨਾਂ ਦਾ

ਕੋਈ ਸਾਡਾ ਸੂਰਮਾ ਬੰਦਾ ਬਹਾਦਰ ਆਏਗਾ
ਖੀਰ ਤੇਰੇ ਮੂੰਹ ਵਿਚ ਖੰਡੇ ਤੇ ਧਰ ਕੇ ਪਾਏਗਾ

ਜ਼ੋਰਾਵਰ ਸਿੰਘ ਬੋਲਿਆ ਵੀਰਾ ਰਾਹ ਦੁਸ਼ਵਾਰ ਹੈ
ਫਤਿਹ ਸਿੰਘਾ ਤੇਰੇ ਤੇ ਮੈਥੋਂ ਵੀ ਬਹੁਤਾ ਭਾਰ ਹੈ

ਹੋਇਆ ਕੀ ਜੇ ਅਸਾਂ ਉਤੇ ਭਾਰ ਪਾਇਆ ਜਾ ਰਿਹੈ
ਇਸ ਭਾਰ ਥੱਲੇ ਜ਼ੁਲਮ ਦਾ ਪਿੰਜਰ ਦਬਾਇਆ ਜਾ ਰਿਹੈ

ਰੱਤ ਮਾਏ ਨੁੱਚੜ ਗਈ ਤੁਬਕਾ ਬਕਾਇਆ ਨੀ ਰਿਹਾ
ਤਾਂ ਵੀ ਤੇਰੇ ਦੁੱਧ ਦਾ ਲੇਖਾ ਚੁਕਾਇਆ ਨੀ ਗਿਆ

ਦਸ਼ਮੇਸ਼ ਤੂੰ ਮਜ਼ਲੂਮ ਦੀ ਖ਼ਾਤਿਰ ਸਜਾਇਆ ਖਾਲਸਾ
ਜਦ ਵੀ ਆਇਆ ਵਤਨ ਦੇ ਹੀ ਕੰਮ ਆਇਆ ਖਾਲਸਾ

ਜ਼ਾਲਮਾਂ ਤੋਂ ਨੱਕ ਨਾ ਲੀਕਾਂ ਕਢਾਈਆਂ ਖਾਲਸੇ
ਵੈਰੀਆਂ ਤੋਂ ਬੱਧੀਆ ਢੱਗਾਂ ਛੁਡਾਈਆਂ ਖਾਲਸੇ

ਖਾਲਸਾ ਸੰਸਾਰ ਦੀ ਮਾਇਆ ਮਗਰ ਨਹੀਂ ਘੁੰਮਦਾ
ਇਹ ਜਮੂਰਾਂ ਆਰਿਆਂ ਤੇ ਰੰਬੀਆਂ ਨੂੰ ਚੁੰਮਦਾ

ਖਾਲਸੇ ਹੀ ਆਣ ਤੰਬੂ ਜ਼ਾਲਮਾਂ ਦਾ ਪੱਟਿਆ
ਤੇਗ਼ ਫੜ ਕੇ ਲਹੂ ਲਖਾਂ ਜ਼ਾਲਮਾਂ ਦਾ ਝਟਿਆ

ਕਲਗੀਧਰ ਦੀ ਟੇਕ ਲੈ ਕੇ ਆਸਰਾ ਤਲਵਾਰ ਦਾ
ਖਾਲਸਾ ਹੀ ਰਕਮ ਮੱਸੇ ਰੰਘੜਾਂ ਦੀ ਤਾਰਦਾ

ਖਾਲਸਾ ਹੀ ਕਦੇ ਲੰਡਨ ਸ਼ਹਿਰ ਦੇ ਵਿਚ ਗਿਆ ਸੀ
ਤੇ ਸਤਾਰੀ-ਵਰ੍ਹੀਂ ਬਦਲਾ ਡਾਇਰ ਕੋਲੋਂ ਲਿਆ ਸੀ
21.

ਖਾਲਸੇ ਨੂੰ ਸਿਦਕ ਦੇ ਭੰਡਾਰ ਬਖ਼ਸ਼ੇ ਗੁਰੂ ਨੇ
ਰਹਿਤ ਬਖ਼ਸ਼ੀ ਗੁਰੂ ਨੇ ਕੱਕਾਰ ਬਖ਼ਸ਼ੇ ਗੁਰੂ ਨੇ

ਕੜਾ, ਕੰਘਾ, ਕੇਸ, ਕੱਛਾ, ਪੰਜਵੀਂ ਕਿਰਪਾਨ ਹੈ
ਖਾਲਸੇ ਦੀ ਜਿੰਦ ਹੈ ਇਹ ਖਾਲਸੇ ਦੀ ਜਾਨ ਹੈ

ਖਾਲਸੇ ਦੇ ਸੀਸ ਅੱਜ ਵੀ ਆਫ਼ਤਾਂ ਦਾ ਭਾਰ ਹੈ
ਨਾ ਡੋਲ ਸਫ਼ਰੀ ਅੱਜ ਤੇਰਾ ਗੁਰੂ ਪਹਿਰੇਦਾਰ ਹੈ

18. ਅੰਮ੍ਰਿਤਧਾਰੀ ਖਾਲਸਾ

ਮਹਾਂਬਲੀ ਪੰਜਾਬ ਦੇ ਸੂਰਬੀਰਾ ਸੂਰਮਤਾਈਂ ਤੇਰੀ ਅਜਬ ਢੰਗ ਦੀ ਏ
ਜਾ ਕੇ ਕਬਰ ਦੇ ਬੂਹੇ 'ਚ ਵਿਸ ਲਹਿੰਦੀ ਤੇਰੀ ਤੇਗ਼ ਨਾਗਣ ਜਿਹਨੂੰ ਡੰਗਦੀ ਏ
ਕਾਲੇ ਹਿੰਦੋਸਤ਼ਾਨ ਦੇ ਦਾਗ਼ ਧੋਤੇ ਤਾਹੀਉਂ, ਪੱਗ ਤੇਰੀ ਕਾਲੇ ਰੰਗ ਦੀ ਏ
ਲਹੂ-ਭਿੱਜੀ ਪੰਜਾਬ ਦੀ ਧਰਤ ਸਿੰਘਾ! ਅਜੇ ਹੋਰ ਸ਼ਹੀਦੀਆਂ ਮੰਗਦੀ ਏ

ਜਦ ਵੀ ਕਿਸੇ ਜਰਵਾਣੇ ਨੇ ਤੇਗ਼ ਚੁੱਕੀ ਅਸੀਂ ਹੱਸ ਕੇ ਆਪਣਾ ਗਲਾ ਕੀਤਾ
ਕੀਤਾ ਕਿਸੇ ਦੇ ਨਾਲ ਧਰੋਹ ਨਹੀਓ ਜਦ ਵੀ ਕੀਤਾ ਏ ਦੇਸ਼ ਦਾ ਭਲਾ ਕੀਤਾ

ਸਿੰਘਾਂ ਦੇ ਕੁਰਬਾਨੀਆਂ ਹਿੰਦ ਵਿਚੋਂ ਮੁਗ਼ਲ ਰਾਜ ਦੇ ਤੰਬੂ ਨੂੰ ਪੁੱਟਿਆ ਏ
ਕੁੱਟ ਕੁੱਟ ਕੇ ਭਰੀ ਸੀ ਜ਼ਹਿਰ ਜਿਸ ਵਿਚ ਸਿੰਘਾਂ ਸੂਬਾ-ਸਰਹੰਦ ਨੂੰ ਕੁੱਟਿਆ ਏ
ਸਿੰਘਾਂ ਕਿਸੇ ਗ਼ਰੀਬ ਨੂੰ ਲੁੱਟਿਆ ਨਹੀਂ ਅਹਿਮਦ ਸ਼ਾਹ ਅਬਦਾਲੀ ਨੂੰ ਲੁੱਟਿਆ ਏ
ਮਾਰ ਮਾਰ ਫ਼ਰੰਗੀ ਨੂੰ ਖ਼ਾਲਸੇ ਨੇ ਦੂਰ ਪਾਰ ਸਮੁੰਦਰ ਤੋਂ ਸੁੱਟਿਆ ਏ

ਅਸੀਂ ਉਜੜੇ ਲੋਕ ਵਸਾਏ ਲੱਖਾਂ ਸਾਡਾ ਆਪਣਾ ਆਪ ਬਰਬਾਦ ਹੋਇਆ
ਸਿੰਘਾਂ ਸੈਆਂ ਸ਼ਹੀਦਾਂ ਦਾ ਖ਼ੂਨ ਦਿੱਤਾ ਸੌਖਾ ਨਹੀਂ ਇਹ ਦੇਸ਼ ਆਜ਼ਾਦ ਹੋਇਆ

ਤੇਰੇ ਕੱਛੇ ਨੇ ਮੌਤ ਨੂੰ ਲਿਆ ਕੱਛੇ, ਕੱਛੇ ਵਾਲਿਆ ਜਾਂ ਬਲਹਾਰ ਤੇਰੇ
ਕੰਘੇ ਖੂਬ ਕੀਤਾ ਕੰਘਾ ਦੁਸ਼ਮਨਾਂ ਦਾ ਕੜੇ ਕੜੇ ਨੇ ਵੈਰੀ ਹਜ਼ਾਰ ਤੇਰੇ
ਕਿਰਪਾ ਕੀਤੀ ਕਿਰਪਾਨ ਨੇ ਹਿੰਦੀਆਂ ਤੇ ਸਿੰਘਾ ਕੀ ਦਸਾਂ ਪਰਉਪਕਾਰ ਤੇਰੇ
ਪੰਜੇ ਵਿਚ ਲੈ ਕੇ ਪੰਜਾਂ ਦੂਤੀਆਂ ਦਾ ਪੀਝੂ ਕੱਢ ਗਏ ਪੰਜ ਕਕਾਰ ਤੇਰੇ

ਤਿੰਨ ਹਮਲੇ ਬਦੇਸ਼ ਦੇ ਅਸੀਂ ਰੋਕੇ ਪੁੜੀ ਜ਼ਹਿਰ ਦੀ ਅਸਾਂ ਨੇ ਚੱਖ ਲਈ ਏ
ਤੀਹਰੀ ਵਾਰ ਪੰਜਾਬ ਨੇ ਹਿੱਕ ਡਾਹ ਕੇ ਇਜ਼ਤ ਹਿੰਦੋਸਤਾਨ ਦੀ ਰੱਖ ਲਈ ਏ

ਹਿੰਦੀ ਕੰਜਕਾਂ ਬੱਧੀਆਂ ਜਾਂਦੀਆਂ ਨੂੰ ਮੁਗ਼ਲਾਂ ਕੋਲੋਂ ਛੁਡਾਇਆ ਤਾਂ ਖਾਲਸੇ ਨੇ
ਅਟਕਲ ਨਹੀਂ ਸੀ ਅਟਕ ਨੂੰ ਅਟਕਣੇ ਦੀ ਵਗਦਾ ਅਟਕ ਅਟਕਾਇਆ ਤਾਂ ਖਾਲਸੇ ਨੇ

ਜ਼ੁਲਮ ਰੋੜ੍ਹ ਕੇ ਲਹੂ ਦੀ ਧਾਰ ਅੰਦਰ ਰੁੜ੍ਹਦਾ ਧਰਮ ਬਚਾਇਆ ਤਾਂ ਖਾਲਸੇ ਨੇ
ਬੰਗਲਾ ਦੇਸ਼ ਦਾ ਨੱਬੇ ਹਜ਼ਾਰ ਦੁਸ਼ਮਨ ਜੇਕਰ ਕੈਦੀ ਬਣਾਇਆ ਤਾਂ ਖਾਲਸੇ ਨੇ

ਅਸੀਂ ਜਗ ਦਾ ਕੁੱਲ ਇਤਿਹਾਸ ਪੜ੍ਹਿਆ ਪੰਨੇ ਅਖੀਆਂ ਵਿਚੋਂ ਗੁਜ਼ਾਰ ਸੁੱਟੇ
ਇੱਕ ਲੱਖ ਸਿਪਾਹੀਆਂ ਨੇ ਕਦੇ ਵੀ ਨਹੀਂ ਕਿਸੇ ਬਾਦਸ਼ਾਹ ਅੱਗੇ ਹਥਿਆਰ ਸੁੱਟੇ

ਭਾਵੇਂ ਲੱਖ ਹਨੇਰੀਆਂ ਆਉਣ ਸਿਰ ਤੇ ਖਿੜਿਆ ਰਹੇਗਾ ਫੁੱਲ ਗੁਲਾਬ ਸਾਡਾ
ਅਸੀਂ ਕਿਸੇ ਬਦੇਸ਼ ਤੋਂ ਨਹੀਂ ਡਰਦੇ ਦੁਨੀਆਂ ਵਿਚ ਛਾਇਆ ਰੋਅਬ ਦਾਬ ਸਾਡਾ

ਐਵੇਂ ਅਸਾਂ ਨੂੰ ਕੋਈ ਜੇ ਇੱਟ ਮਾਰੇ ਪੱਥਰ ਹੋਏਗਾ ਅਗੋਂ ਜਵਾਬ ਸਾਡਾ
'ਕੱਠ ਰਹੇਗਾ ਸਦਾ ਪੰਜਾਬੀਆਂ ਦਾ ਵਸਦਾ ਰਹੇਗਾ ਦੇਸ਼ ਪੰਜਾਬ ਸਾਡਾ
ਅਸੀਂ ਆਪਣੇ ਪੰਥ ਦੇ ਭਲੇ ਖ਼ਾਤਿਰ ਜਿੰਨੀ ਟਿੱਲ ਲੱਗੀ ਓਨੀ ਲਾ ਦਿਆਂਗੇ
ਆਪੋ ਵਿਚ ਤਾਂ ਸਫ਼ਰੀ ਬੇਸ਼ੱਕ ਲੜੀਏ ਆਏ ਵੈਰੀ ਨੂੰ ਮਾਰ ਭਜਾ ਦਿਆਂਗੇ

....

19. ਗੁਰ ਸਿੱਖਾ ਬਾਣੀ ਪੜ੍ਹਿਆ ਕਰ

ਗੁਰ ਸਿੱਖਾ ਬਾਣੀਂ ਪੜ੍ਹਿਆ ਕਰ ਗੁਰ ਸਿੱਖਾ ਬਾਣੀ ਗਾਇਆ ਕਰ
ਤੇ ਗੁਰ ਨਾਨਕ ਦੇ ਚਰਨਾਂ ਉਤੇ ਹਰ ਦਮ ਸੀਸ ਨਿਵਾਇਆ ਕਰ !!

ਇਹ ਜਨਮ ਮਨੁੱਖਾ ਹੀਰਾ ਹੈ, ਤੇ ਹੀਰਾ ਵੀ ਵੱਡ ਮੁੱਲਾ ਹੈ
ਇਹ ਸਮਾਂ ਕਿਸ ਤਰ੍ਹਾਂ ਮਿਲਿਆ ਹੈ ਇਹ ਰੱਬ ਕਿਸ ਤਰ੍ਹਾਂ ਭੁੱਲਾ ਹੈ
ਕਿਉਂ ਕਦਰ ਨਹੀਂ ਤੈਨੂੰ ਬੇ ਕਦਰਾ ਇਹਦੀ ਜ਼ਰਾ ਕਦਰ ਤਾਂ ਪਾਇਆ ਕਰ
ਗੁਰ ਨਾਨਕ ਦੇ ਚਰਨਾਂ ਉਤੇ ਹਰ ਦਮ ਸੀਸ ਨਿਵਾਇਆ ਕਰ

ਦਇਆ ਕਪਾਹ ਸੰਤੋਖ ਸੂਤ ਤੇ ਜੱਤ ਗੰਢੀ ਸੱਤ ਵੱਟ ਭਲਾ
ਇਹ ਜਨੇਊ ਜੀਅ ਦਾ ਹੈ ਈ ਤਾਂ ਫਿਰ ਪਾਂਧੇ ਘੱਤ ਭਲਾ
ਨਾ ਇਹ ਟੁੱਟੇ ਨਾ ਮਲ ਲੱਗੇ ਇਹੁ ਜੇਹਾ ਤੱਗ ਪਾਇਆ ਕਰ
ਗੁਰ ਨਾਨਕ ਦੇ ਚਰਨਾਂ ਉਤੇ ਹਰ ਦਮ ਸੀਸ ਨਿਵਾਇਆ ਕਰ

ਗੁਰੂਆਂ ਦੇ ਦੱਸਿਆਂ ਰਾਹਾਂ ਤੋਂ ਜੋ ਲੋਕ ਪਰੇਡੇ ਚਲੇ ਗਏ
ਮੰਜ਼ਲ ਨੀ ਲੱਭੀ ਉਹਨਾਂ ਨੂੰ ਬੱਸ ਖਾਂਦੇ ਠੇਡੇ ਚਲੇ ਗਏ
ਤੂੰ ਗਿਆਨ ਦਾ ਦੀਪਕ ਬੇਸਮਝਾ ਹਿਰਦੇ ਦੇ ਵਿਚ ਜਗਾਇਆ ਕਰ
ਤੇ ਗੁਰ ਨਾਨਕ ਦੇ ਚਰਨਾਂ ਉਤੇ ਹਰ ਦਮ ਸੀਸ ਨਿਵਾਇਆ ਕਰ

ਕੀ ਪੁੰਨ ਭਲਾ ਕੀ ਪਾਪ ਭਲਾ ਗੁਰ ਨਾਨਕ ਨਿਰਣਾ ਕਰ ਗਏ ਨੇ
ਹਰ ਹਰ ਦਾ ਨਾਮ ਜਪਾ ਕੇ ਤੇ ਹਰ ਇੱਕ ਦੇ ਦੁਖੜੇ ਹਰ ਗਏ ਨੇ
ਉਸ ਸੂਅਰ ਤੇ ਉਸ ਗਾਏ ਹੈਂ ਨਾ ਹੱਕ ਬੇਗਾਨਾ ਖਾਇਆ ਕਰ
ਤੇ ਗੁਰ ਨਾਨਕ ਦੇ ਚਰਨਾਂ ਉਤੇ ਹਰ ਦਮ ਸੀਸ ਨਿਵਾਇਆ ਕਰ

ਸਿੱਖ ਨਾਨਕ ਦਾ ਦਰ ਛੱਡ ਕੇ ਤੇ ਨਹੀਂ ਹੋਰ ਕਿਸੇ ਵੀ ਦਰ ਜਾਂਦਾ
ਜਿਹਦਾ ਤੀਨ ਲੋਕ ਵਿਚ ਨਹੀਂ ਸਰਦਾ ਇਸ ਸਰ ਵਿਚ ਨ੍ਹਾ ਕੇ ਸਰ ਜਾਂਦਾ
ਕਾਗਾਂ ਤੋਂ ਹੰਸ ਬਣਾਉਂਦਾ ਜੋ ਉਸ ਸਰ ਵਿਚ ਟੁੱਭੀ ਲਾਇਆ ਕਰ
ਤੇ ਗੁਰ ਨਾਨਕ ਦੇ ਚਰਨਾਂ ਉਤੇ ਹਰ ਦਮ ਸੀਸ ਨਿਵਾਇਆ ਕਰ

ਪ੍ਰਲਾਦ ਭਗਤ ਨੇ ਕਿਉਂ ਤੱਤਿਆਂ ਥੰਮ੍ਹਾਂ ਨੂੰ ਜੱਫੀ ਪਾ ਲਈ ਸੀ
ਉਨ ਆਪਣੇ ਪ੍ਰਭੂ ਪਿਆਰੇ ਦੇ ਚਰਨਾਂ ਵਿਚ ਸੁਰਤ ਟਿਕਾ ਲਈ ਸੀ

ਜੇ ਰੋਮ ਰੋਮ ਵਿਚ ਰਮਿਆ ਏ ਉਸ ਰਾਮ ਤੋਂ ਸਦਕੇ ਜਾਇਆ ਕਰ
ਤੇ ਗੁਰ ਨਾਨਕ ਦੇ ਚਰਨਾਂ ਤੇ ਹਰ ਵੇਲੇ ਸੀਸ ਨਿਵਾਇਆ ਕਰ

ਬਾਣੀ ਵਿਚ ਕਿੰਨੀ ਸ਼ਕਤੀ ਹੈ ਗੁਰ ਰਾਮ ਦਾਸ ਫਰਮਾਂਦਾ ਏ
ਜੋ ਅਮਰ ਦਾਸ ਨੂੰ ਜਪਦਾ ਏ ਉਹ ਜੀਵ ਅਮਰ ਹੋ ਜਾਂਦਾ ਏ
ਸਤਿਗੁਰ ਦਾ ਸਿਮਰਨ ਕਰਿਆ ਕਰ ਤੇ ਸਾਧ ਸੰਗਤ ਵਿਚ ਆਇਆ ਕਰ
ਤੇ ਗੁਰ ਨਾਨਕ ਦੇ ਚਰਨਾਂ ਉਤੇ ਹਰ ਦਮ ਸੀਸ ਨਿਵਾਇਆ ਕਰ

ਰੱਬ ਦੇ ਕਿਉਂ ਵੰਡੇ ਪਾਉਂਦੇ ਓ ਰੱਬ ਸਾਂਝਾ ਕੁਲ ਜ਼ਮਾਨੇ ਦਾ
ਜੋ ਇਕ ਦੀ ਪੂਜਾ ਨਹੀਂ ਕਰਦਾ ਉਹ ਜੀਵ ਨਹੀਂ ਇੱਕ ਆਨੇ ਦਾ
ਸੱਭ ਬੰਦੇ ਬੰਦੇ ਇਕੋ ਦੇ ਨਾ ਫਰਕ ਇਹਨਾਂ ਵਿਚ ਪਾਇਆ ਕਰ
ਤੇ ਗੁਰ ਨਾਨਕ ਦੇ ਚਰਨਾਂ ਉਤੇ ਹਰ ਦਮ ਸੀਸ ਨਿਵਾਇਆ ਕਰ

ਏਥੇ ਪਾਪੀ ਸੱਜਣ ਠੱਗ ਵਰਗੇ ਲੱਖ ਪਾਪ ਕਮਾ ਕੇ ਸੁਧਰ ਗਏ
ਤੇ ਕੌਡੇ ਵਰਗੇ ਰਾਕਸ਼ ਵੀ ਇਸ ਦਰ ਤੇ ਆ ਕੇ ਸੁਧਰ ਗਏ
ਪਿਛਲੀ ਜੋ ਬੀਤੀ ਬੀਤੀ ਏ ਐਵੇਂ ਨਾ ਅਗਲੀ ਜ਼ਾਇਆ ਕਰ
ਤੇ ਗੁਰ ਨਾਨਕ ਦੇ ਚਰਨਾਂ ਉਤੇ ਹਰ ਦਮ ਸੀਸ ਨਿਵਾਇਆ ਕਰ

ਸਿੱਖ ਘਰ ਵਿਚ ਪਾਠ ਰਖਾਉਂਦਾ ਜੋ ਤੇ ਫੜਦਾ ਪਾਸਾ ਨਾਨਕ ਦਾ
ਉਸ ਘਰ ਵਿਚ ਸਮਝੋ ਰਾਤ ਦਿਨੇ ਹੁੰਦਾ ਏ ਵਾਸਾ ਨਾਨਕ ਦਾ
ਤੂੰ ਗੁਰੂ ਗ੍ਰੰਥ ਪਿਆਰੇ ਦੇ ਘਰ ਆਪਣੇ ਚਰਨ ਪੁਆਇਆ ਕਰ
ਤੇ ਗੁਰ ਨਾਨਕ ਦੇ ਚਰਨਾਂ ਤੇ ਤੂੰ ਹਰ ਦਮ ਸੀਸ ਨਿਵਾਇਆ ਕਰ

ਜੇ ਪਾਪ ਛੱਡਣ ਤਾਂ ਪਾਪੀ ਵੀ ਇਸ ਦਰ ਤੇ ਆਣ ਸਮੋ ਜਾਂਦੇ
ਇਸ ਦਰ ਤੇ ਨ੍ਹਾ ਕੇ ਪਿੰਗਲੇ ਦੇ ਵੀ ਅੰਗ ਸਬੂਤੇ ਹੋ ਜਾਂਦੇ
ਜੇ ਦੁੱਖ ਹਟਾਉਣੇ ਹਿਰਦੇ ਤੇ ਤਾਂ ਦੁੱਖ ਭੰਜਣੀ ਕਾਇਆ ਕਰ
ਤੇ ਗੁਰ ਨਾਨਕ ਦੇ ਚਰਨਾਂ ਉਤੇ ਹਰ ਦਮ ਸੀਸ ਨਿਵਾਇਆ ਕਰ

ਧੰਨੇ ਨੇ ਆਪਣੇ ਗਿਰਧਰ ਦਾ ਪੱਥਰ ਚੋਂ ਦਰਸ਼ਨ ਪਾਇਆ ਸੀ
ਨਾਮੇ ਦਾ ਛੱਪਰ ਬੰਨ੍ਹਣ ਲਈ ਰੱਬ ਆਪ ਉੱਤਰ ਕੇ ਆਇਆ ਸੀ
ਉਹ ਵਾਰ ਵਾਰ ਤੈਨੂੰ ਬਹੁੜੇਗਾ ਤੂੰ ਵਾਰ ਵਾਰ ਅਜ਼ਮਾਇਆ ਕਰ
ਤੇ ਗੁਰ ਨਾਨਕ ਦੇ ਚਰਨਾਂ ਉਤੇ ਹਰ ਦਮ ਸੀਸ ਨਿਵਾਇਆ ਕਰ

ਸਫ਼ਰੀ ਬੈਕੁੰਠ 'ਚ ਬੈਠੇ ਹੋਏ ਤੈਨੂੰ ਸਤਿਗੁਰ ਪਏ ਬੁਲਾਉਂਦੇ ਨੇ
ਉਪਕਾਰ ਉਨ੍ਹਾਂ ਜੋ ਕੀਤੇ ਨੇ ਸਾਨੂੰ ਹਰਦਮ ਚੇਤੇ ਆਉਂਦੇ ਨੇ
ਦਰ ਛੱਡ ਕੇ ਪਿਆਰੇ ਸਤਿਗੁਰ ਦਾ ਤੂੰ ਹੋਰ ਕਿਤੇ ਨਾ ਜਾਇਆ ਕਰ
ਤੇ ਸਤਿਗੁਰ ਨਾਨਕ ਪਿਆਰੇ ਨੂੰ ਤੂੰ ਹਰ ਦਮ ਸੀਸ ਨਿਵਾਇਆ ਕਰ ।

....

20. ਬੀਰ ਬੰਦੇ ਬਹਾਦਰ ਦੀ ਬੀਰਤਾ

ਦਸਮ ਪਾਤਸ਼ਾਹ ਮੰਜ਼ਲੋਂ ਮੰਜ਼ਲੀ ਆ ਨਗਰ ਨਾਂਦੇੜ ਪਧਾਰੇ
ਮਾਧੋ ਦਾਸ ਵੈਰਾਗੀ ਦੇ ਘਰ ਜਾ ਕੀਤੇ ਦਸ਼ਮੇਸ਼ ਉਤਾਰੇ
ਬੋਲਿਆ ਸੰਤ ਅਚੰਭਤ ਹੋ ਕੇ ਕੀ ਕੌਤਕ ਤੱਕ ਰਿਹਾਂ ਨਿਆਰੇ
ਕੌਣ ਮਿਰੇ ਘਰ ਆਇਆ ਜਿਸਦੇ ਸੂਰਜ ਤੋਂ ਵੀ ਵੱਧ ਲਿਸ਼ਕਾਰੇ

ਸਤਿਗੁਰ ਬੋਲੇ ਸੰਤਾ ਤੂੰ ਤਾਂ ਤਨ ਤੇ ਭਸਮ ਰਮਾਈ ਹੋਈ ਏ
ਤੱਕਦਾ ਨਹੀਂ ਕਸ਼ਮੀਰ ਦੀ ਜੰਤਾ ਆਫ਼ਿਤ ਦੇ ਮੂੰਹ ਆਈ ਹੋਈ ਏ

ਤੱਕਦਾ ਨਹੀਂ ਪੰਜਾਬ ਦਾ ਨਕਸ਼ਾ ! ਮੁਗ਼ਲਾਂ ਕੀ ਕੀ ਜ਼ੁਲਮ ਕਮਾਇਆ
ਤਿਲਕ ਮੱਥੇ ਤੋਂ ਤਿਲਕ ਗਏ ਨੇ ਜੰਜੂਆਂ ਦਾ ਹੋ ਗਿਆ ਸਫ਼ਾਇਆ
ਪੂਜ ਪਿਤਾ ਮੇਰੇ ਤੇਗ਼ ਬਹਾਦਰ ਜਾ ਦਿੱਲੀ ਵਿਚ ਸੀਸ ਕਟਾਇਆ
ਦੋ ਪੁੱਤਰਾਂ ਦਾ ਵੱਡਾ ਜੋੜਾ ਮੈਂ ਚਮਕੌਰ ਸ਼ਹੀਦ ਕਰਾਇਆ

ਨਨ੍ਹੇ ਨਨ੍ਹੇ ਲਾਲ ਮੇਰੇ ਦੋ ਨੀਹਾਂ ਦੇ ਵਿਚ ਗਏ ਚਿਣਾਏ
ਸਯਦ ਬੁੱਧੂ ਸ਼ਾਹ ਵਰਗੇ ਵੀ ਪੀਰ ਮੌਤ ਦੇ ਮੂੰਹ ਵਿਚ ਆਏ

ਤੂੰ ਏਥੇ ਨਾਂਦੇੜ ਨਗਰ ਵਿਚ ਸੁੰਨ ਸਮਾਧੀ ਲਾਈ ਬੈਠੈਂ
ਭਸਮ ਹੋ ਗਿਆ ਦੇਸ਼ ਮਗਰ ਤੂੰ ਤਨ ਤੇ ਭਸਮ ਰਮਾਈ ਬੈਠੈਂ
ਦੁਖੀਆਂ ਦੀ ਕੁਰਲਾਟ ਨੀ ਸੁਣਦਾ ਤੇਲ ਕੰਨਾਂ ਵਿਚ ਪਾਈ ਬੈਠੈਂ
ਆਪਣੀ ਭਗਤੀ ਸ਼ਕਤੀ ਨੂੰ ਤੂੰ ਬੰਦਿਆ ਕਿਵੇਂ ਛਿਪਾਈ ਬੈਠੈਂ

ਅੰਮ੍ਰਿਤ ਛਕਿਆ ਸਿੰਘ ਸਜ ਗਿਆ ਇੱਕ ਦਮ ਬੰਦੇ ਰੂਪ ਵਟਾਇਆ
ਮੈਂ ਬੰਦਾ ਹਾਂ ਅੱਜ ਤੂੰ ਦਾਤਾ ਮੈਨੂੰ ਆਪਣਾ ਸਿੱਖ ਬਣਾਇਆ

ਤੁਸਾਂ ਸਤਿਗੁਰੂ ਸਿੱਖੀ ਵਰਗੀ ਮੈਨੂੰ ਦਾਤ ਨਿਆਰੀ ਬਖਸ਼ੀ
ਹਾਲੀਂ ਤਿੱਕ ਮੈਂ ਸਿਰ ਨੀ ਦਿੱਤਾ ਪਹਿਲੋਂ ਹੀ ਸਰਦਾਰੀ ਬਖ਼ਸ਼ੀ
ਸ਼ੇਰਾਂ ਵਰਗਾ ਜਿਗਰਾ ਦਿੱਤਾ ਬਾਜ਼ਾਂ ਤੁਲ ਉਡਾਰੀ ਦਿੱਤੀ
ਪੰਜੇ ਬਖ਼ਸ਼ੇ ਤੀਰ ਵੀ ਮੈਨੂੰ ਆਪਣੀ ਸ਼ਕਤੀ ਸਾਰੀ ਬਖ਼ਸ਼ੀ

ਇਹ ਖੰਡਾ ਮੇਰਾ ਖੂਨੀ ਖੰਡਾ ਆਪਣੀ ਆਈ ਤੇ ਆ ਜਾਵੇਗਾ
ਜ਼ੁਲਮ ਕਰੇਂਦੇ ਹਰ ਦੁਸ਼ਮਨ ਨੂੰ ਖਖੜੀ ਵਾਂਗੂੰ ਖਾ ਜਾਵੇਗਾ

ਕ਼ਾਸ਼ਲ

ਘਾਣੀ ਪੱਤ ਤੋਂ ਖੜਗ ਉਠਾਈ ਜ਼ੁਲਮ ਦਾ ਕਰਦਾ ਗਿਆ ਸਫਾਇਆ
ਸ਼ਹਿਰ ਸਢੌਰਾ ਸ਼ਹਿਰ ਸਮਾਣਾ ਇਹਨਾਂ ਦਾ ਵੀ ਖੋਜ ਮਿਟਾਇਆ
ਕਾਸ਼ਲ ਬਾਸ਼ਲ ਬੇਗ ਜੱਲਾਦਾਂ ਨੂੰ ਬੰਦੇ ਨੇ ਮਾਰ ਬੁਲਾਇਆ
ਤੇ ਪਾਪੀ ਅਸਮਾਨ ਖਾਨ ਨੂੰ ਵੀ ਕੀਤੀ ਦਾ ਮਜ਼ਾ ਚਖਾਇਆ

ਫਿਰ ਬੰਦੇ ਸਰਹੰਦ ਸ਼ਹਿਰ ਦੀ ਇੱਟ ਨਾਲ ਜਾ ਇੱਟ ਖੜਕਾਈ
ਸੱਭ ਤੋਂ ਪਿਛੋਂ ਖਾਨ ਵਜੀਦੇ ਪਾਪੀ ਦੀ ਵੀ ਵਾਰੀ ਆਈ

ਸਾਹਿਬਜ਼ਾਦਿਆਂ ਦਾ ਇਹ ਕਾਤਿਲ ਬੀਰ ਬੰਦੇ ਦੇ ਕਾਬੂ ਆਇਆ
ਪਾ ਕੇ ਨੱਕ ਨਕੇਲ ਬੰਦੇ ਨੇ ਗਲੀ ਬਜ਼ਾਰਾਂ ਵਿਚ ਨਚਾਇਆ
ਨੀਹਾਂ ਵਿਚ ਮਾਸੂਮ ਚਿਣਾਏ ਪਾਪੀਆ ਤੈਨੂੰ ਤਰਸ ਨਾ ਆਇਆ
ਆਖਿਰ ਬੰਦੇ ਤੇਗ਼ ਪਕੜ ਕੇ ਉਸ ਪਾਪੀ ਨੂੰ ਪਾਰ ਬੁਲਾਇਆ

ਦੱਸੋ ਕੋਈ ਇਤਿਹਾਸ ਫੋਲ ਕੇ ਜ਼ਿਕਰ ਕਿਸੇ ਦਾ ਆਇਆ ਹੋਵੇ
ਲੇਖਾ ਜਿਨ ਔਰੰਗਜ਼ੇਬ ਦਾ ਸਣੇ ਵਿਆਜ ਚੁਕਾਇਆ ਹੋਵੇ

ਜ਼ੁਲਮ ਕਰਨ ਜੋ ਜ਼ਾਲਮ ਧਾਏ ਬੰਦੇ ਨੇ ਉਹ ਧਾ ਕੇ ਮਾਰੇ
ਖਾਨ ਵਜੀਦੇ ਵਰਗੇ ਪਾਪੀ ਧਰਤੀ ਤੇ ਪਟਕਾ ਕੇ ਮਾਰੇ
ਐਸੀ ਮਾਰ ਸਿੰਘਾਂ ਨੇ ਮਾਰੀ ਐਸੇ ਤੀਰ ਟਿਕਾ ਕੇ ਮਾਰੇ
ਕਬਰਾਂ ਦੇ ਵਿਚ ਸੁੱਤੇ ਦੁਸ਼ਮਨ ਦੋਹਰੀ ਵਾਰ ਜਗਾ ਕੇ ਮਾਰੇ

ਹਰ ਦੁਸ਼ਮਨ ਨੂੰ ਫੜ ਕੇ ਜ਼ਾਲਮ ਵਾਂਗ ਕਪਾਹ ਦੇ ਝੰਬੀ ਜਾਵੇ
ਲਾਲ ਲਹੂ ਦੇ ਛੱਪੜ ਤੱਕ ਕੇ ਲਾਲ ਕਿਲ੍ਹਾ ਵੀ ਕੰਬੀ ਜਾਵੇ

ਕਦੇ ਖਾਲਸਾ ਲੇਖਾ ਕੀਤਾ ਕਦੇ ਖਾਲਸਾ ਲੇਖਾ ਲਾਇਆ
ਕਿੰਨਾ ਸਿਮਰਨ ਕੀਤਾ ਬੰਦੇ ਕਿੰਨਾ ਸਿਖੀ ਸਿਦਕ ਨਿਭਾਇਆ
ਉਹਦੇ ਪੁੱਤ ਦਾ ਸੋਹਲ ਕਲੇਜਾ ਉਹਦੇ ਹੀ ਜਦ ਮੂੰਹ ਵਿਚ ਪਾਇਆ
ਹਸ ਕੇ ਕਹਿੰਦਾ ''ਮੂੰਹ ਵਿਚ ਮੇਰੇ ਕਿਸ ਨੇ ਫੇਰ ਛੁਹਾਰਾ ਪਾਇਆ''

ਉਹਦੇ ਪੁੱਤ ਦੀ ਆਂਦਰ ਕੱਢ ਕੇ ਉਹਦੇ ਹੀ ਜਦ ਮੂੰਹ ਵਿਚ ਪਾਈ
ਹੱਸ ਕੇ ਕਹਿੰਦਾ ''ਇਹ ਜੈ ਮਾਲਾ ਕਿਸ ਹੂਰ ਮੇਰੇ ਸੀਸ ਸਜਾਈ''

ਧੰਨ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜਿਸ ਦਾ ਅੰਤ ਕਿਸੇ ਨਾ ਪਾਇਆ
ਉਸ ਦੇ ਕੀਤੇ ਬਲੀਦਾਨ ਦਾ ਸਿੰਘੋ ਕਿਨੇ ਅੰਦਾਜ਼ਾ ਲਾਇਆ
ਬੀਰ ਬੰਦੇ ਨੂੰ ਪਹੁਲ ਪਿਲਾ ਕੇ ਜੇ ਨਾ ਹੁੰਦਾ ਸਿੰਘ ਸਜਾਇਆ

ਮੁਗ਼ਲ ਰਾਜ ਦਾ ਇਸ ਭਾਰਤ ਚੋਂ ਹੋ ਨਾ ਸਕਦਾ ਕਦੇ ਸਫਾਇਆ !

ਦਾਗ਼ ਵਤੰਨ ਦੇ ਬੰਦੇ ਧੋਤੇ ਸਫ਼ਰੀ ਹਰ ਕੋਈ ਧੋ ਨੀ ਸਕਦਾਂ
ਬੰਦੇ ਵਰਗਾ ਬੀਰ ਬਹਾਦਰ ਦੁਨੀਆਂ ਉਤੇ ਹੋ ਨੀ ਸਕਦਾ

....

21. ਮਾਤਾ ਭਾਗੋ

ਮਾਤਾ ਭਾਗੋ ਜੁਗ ਜੁਗ ਜੀਵੇ ਤੇਰੀ ਅਜ਼ਮਤ ਦੂਣ ਸਵਾਈ
ਕਲਗੀ ਧਰ ਦੀ ਵੀਰ ਸਪੁੱਤਰੀ ਮਾਤਾ ਭਾਗੋ ਤੂੰ ਅਖਵਾਈ
ਤੂੰ ਸਾਡਾ ਇਤਿਹਾਸ ਬਦਲਿਆ ਤੂੰ ਸਾਡੀ ਕਿਸਮਤ ਪਲਟਾਈ
ਤੂੰ ਸਿੰਘਾਂ ਦੀ ਟੁੱਟੀ ਗੰਢੀ ਤੂੰ ਸਿੰਘਾਂ ਦੀ ਰੱਖ ਵਖਾਈ !!

ਦੇ ਬੇਦਾਵਾ ਕਲਗੀਧਰ ਨੂੰ ਸਿੰਘ ਜਦੋਂ ਘਰ ਵਾਪਿਸ ਆਏ
ਮਾਤਾ ਭਾਗੋ ਮਹਾਂ ਸਿੰਘ ਨੂੰ ਏਦਾਂ ਅਗੋਂ ਸ਼ਬਦ ਸੁਣਾਏ !!

ਮੋੜ ਲਿਆ ਮਨ ਸਿੱਖੀ ਵਲੋਂ ਬਾਂਕੇ ਵੀਰ ਬਹਾਦਰ ਸਿੰਘੋ
ਫਤਿਹ ਗਜਾ ਕੇ ਕਿਵੇਂ ਫਤਿਹ ਦਾ ਕੀਤਾ ਤੁਸਾਂ ਨਿਰਾਦਰ ਸਿੰਘੋ
ਤੇਗ਼ ਬਹਾਦਰ ਭਾਰਤ ਮਾਂ ਦੇ ਬਣਿਆ ਸਿਰ ਦੀ ਚਾਦਰ ਸਿੰਘੋ
ਸੀਸ ਦੀਆ ਪਰ ਸਿਰੜ ਨਾ ਦੀਆ ਥਾਂ ਥਾਂ ਹੁੰਦਾ ਆਦਰ ਸਿੰਘੋ

ਕੰਡੇ ਵਾਲੇ ਹੋ ਕੇ ਸਿੰਘੋ ਰਣ ਵਿਚ ਕੰਡ ਲੁਆ ਆਏ ਓ
ਦਸਮ ਪਿਤਾ ਦੇ ਫੱਟਾਂ ਉਤੇ ਲੂਣ ਕਿਵੇਂ ਛਿੜਕਾ ਆਏ ਓ

ਦੇਸ਼ ਕੌਮ ਦੀ ਖਾਤਿਰ ਸਿੰਘੋ ਸੌ ਸੌ ਕਸ਼ਟ ਉਠਾਵੇ ਜਿਹੜਾ
ਹੱਥੀਂ ਆਪਣੇ ਦੋਂਹ ਲਾਲਾਂ ਨੂੰ ਨੀਹਾਂ ਵਿਚ ਚਿਣਵਾਵੇ ਜਿਹੜਾ
ਹੁਕਮ ਮੰਨ ਚਮਕੌਰ ਗੜੀ ਚੋਂ ਚੁੱਪ ਕਰਕੇ ਤੁਰ ਜਾਵੇ ਜਿਹੜਾ
ਰਾਹ ਵਿਚ ਲੋਥ ਪੁੱਤਰ ਦੀ ਤੱਕ ਕੇ ਕੱਫਣ ਤਿੱਕ ਨਾ ਪਾਵੇ ਜਿਹੜਾ

ਜਿਸਦੇ ਕੀਤੇ ਬਲੀਦਾਨ ਦਾ ਲੇਖਾ ਕਰ ਸੰਸਾਰ ਨਾ ਸੱਕੇ
ਉਹਦੀ ਖਾਤਿਰ ਅਣਖੀ ਸਿੰਘੋ ਦੋ ਦਿਨ ਭੁੱਖ ਸਹਾਰ ਨਾ ਸੱਕੇ

ਰੰਨਾਂ ਵਾਂਗੂੰ ਪੀੜ੍ਹੇ ਡਾਹ ਲਓ ਮੇਢੀਆਂ ਸਿਰੀ ਗੁੰਦਾ ਕੇ ਬਹਿ ਜਾਓ
ਲਾਲ ਦੁਪੱਟੇ ਲੈ ਕੇ ਬਹਿ ਜਾਓ ਚੂੜੇ ਲਾਲ ਸਜਾ ਕੇ ਬਹਿ ਜਾਓ
ਆਪਣੀ ਕੀਤੀ ਕਰਾਈ ਉਤੇ ਮਿੱਟੀ ਦੇ ਬੁੱਕ ਪਾ ਕੇ ਬਹਿ ਜਾਓ
ਬਖਸ਼ੀ ਜੋ ਕਿਰਪਾਨ ਗੁਰਾਂ ਨੇ ਕਿੱਲੀ ਤੇ ਲਟਕਾ ਕੇ ਬਹਿ ਜਾਓ

ਜਿੰਨਾ ਚਿਰ ਹੁਣ ਲੜਨ ਮਰਨ ਲਈ ਨਾਲ ਅਸਾਡੇ ਜਾ ਨੀ ਸਕਦੇ
ਗੁਰੂ ਗੋਬਿੰਦ ਸਿੰਘ ਜੀ ਦੇ ਸੇਵਕ ਸਿੰਘੋ ਤੁਸੀਂ ਕਹਾ ਨੀ ਸਕਦੇ !

ਮਾਤਾ ਭਾਗੋ ਮਹਾਂ ਸਿੰਘ ਨੂੰ ਰੋਹ ਭਰੇ ਜਦ ਸ਼ਬਦ ਸੁਣਾਏ

ਭੜਕ ਉਠੀ ਗ਼ੈਰਤ ਦੀ ਅਗਨੀ ਬੀਰ ਖਾਲਸੇ ਰੋਹ ਵਿਚ ਆਏ
ਕੁਲ ਮਾਝੇ ਵਿਚ ਖ਼ਬਰਾਂ ਹੋਈਆਂ ਸੱਦੇ ਭੇਜੇ ਸਿੰਘ ਬੁਲਾਏ
ਫਤਹਿ ਗਜ਼ਾ ਕੇ ਸਿੰਘ ਸੂਰਮੇਂ ਕਲਗੀਧਰ ਦੀ ਸ਼ਰਨੀ ਆਏ

ਸਿੰਘਾਂ ਦੇ ਮਲਵਈ ਜਥੇ ਵੀ ਲੜਨ ਮਰਨ ਲਈ ਅਗੇ ਹੋ ਗਏ
ਗੋਬਿੰਦ ਸਿੰਘ ਜੀਊਂਦਾ ਸੁਣ ਕੇ ਮੁਗਲਾਂ ਦੇ ਰੰਗ ਬੱਗੇ ਹੋ ਗਏ !

ਮਾਤਾ ਭਾਗੋ ਰਣ ਭੂਮੀ ਵਿਚ ਏਸ ਤਰ੍ਹਾਂ ਦੀ ਭਾਜੜ ਪਾਈ
ਭੁੱਖੀ ਸ਼ੀਹਣੀ ਜਿਉਂ ਬਕਰੀਆਂ ਦੇ ਇਜੜ ਦੀ ਕਰ ਦਵੇ ਸਫਾਈ
ਅਸਗਰ ਖ਼ਾਂ ਨੇ ਰੋਹ ਵਿਚ ਆ ਕੇ ਮਾਤਾ ਉਤੇ ਤੇਗ਼ ਚਲਾਈ
ਵਾਰ ਰੋਕ ਕੇ ਢਾਲੇ ਉਤੇ ਮਾਤਾ ਨੇ ਵਾਰੀ ਪਰਤਾਈ

ਉਸ ਜ਼ਾਲਮ ਤੇ ਏਦਾਂ ਕੀਤਾ ਖੰਡੇ ਦਾ ਇਕ ਵਾਰ ਕਰਾਰਾ
ਜਿਉਂ ਚੰਨਣ ਦੀ ਗੇਲੀ ਦੇ ਵਿਚ ਫਿਰ ਜਾਵੇ ਬਿਜਲੀ ਦਾਆਰਾ

ਦਸਮ ਪਿਤਾ ਨੇ ਉੱਚੀ ਟਿਬੀਉਂ ਰੋਹ ਵਿਚ ਆ ਕੇ ਤੀਰ ਚਲਾਏ
ਦੁਸ਼ਮਨ ਦੇ ਜਰਨੈਲ ਚੋਣਵੇਂ ਧਰਤੀ ਉਤੇ ਮਾਰ ਗਿਰਾਏ !!
ਕੁਝ ਮਰ ਗਏ ਕੁਝ ਜ਼ਖ਼ਮੀ ਹੋ ਗਏ ਬਾਕੀ ਦੇ ਭੱਜ ਗਏ ਤਿਹਾਏ
ਗੁਰੂ ਗੋਬਿੰਦ ਸਿੰਘ ਫੱਟੜ ਹੋਇਆਂ ਸਿੰਘਾਂ ਨੂੰ ਜਦ ਦੇਖਣ ਆਏ

ਪੰਜ ਹਜ਼ਾਰੀ ਦਸ ਹਜ਼ਾਰੀ ਆਖ ਆਖ ਕੇ ਸੀਨੇ ਲਾਏ
ਮਹਾਂ ਸਿੰਘ ਕੁਝ ਸਿਸਕ ਰਿਹਾ ਸੀ ਆਖਿਰ ਏਦਾਂ ਬੁਲ੍ਹ ਹਿਲਾਏ

ਏਨੇ ਫੱਟ ਜਿਸਮ ਵਿਚ ਵੱਜੇ ਆਖਿਰ ਗਿਆ ਪਿਆਰ ਨੀ ਤੇਰਾ
ਸਦ ਅਫ਼ਸੋਸ ਕਿ ਅੱਜ ਮੈਂ ਉਠ ਕੇ ਕਰ ਸਕਿਆ ਸਤਿਕਾਰ ਡੇਰਾ
ਹੇ ਦਾਤਾ ਮੇਰੀ ਭੁੱਲ ਬਖ਼ਸ਼ ਦੇ ਕੀ ਮੈਂ ਭੁੱਲਣਹਾਰ ਨੀ ਤੇਰਾ
ਕੀ ਮੈਂ ਸੁਤ ਅਜੀਤ ਨੀ ਤੇਰਾ ਕੀ ਮੈਂ ਸੁਤ ਜੁਝਾਰ ਨੀ ਤੇਰਾ ਦਾਗ਼

ਬੇਦਾਵੇ ਵਾਲਾ ਜਦ ਤੱਕ ਮੇਰੇ ਮੱਥਿਉਂ ਲਹਿ ਨਹੀਂ ਸਕਦਾ
ਉਪਰ ਪਹੁੰਚ ਸ਼ਹੀਦਾਂ ਦੇ ਵਿਚ ਮੈਂ ਦਾਤਾ ਜੀ ਬਹਿ ਨਹੀਂ ਸਕਦਾ !!

ਮਹਾਂ ਸਿੰਘ ਦੀ ਕਿਸਮਤ ਵਾਲਾ ਇੰਝ ਗਿਆ ਪਤਰਾ ਪਲਟਾਇਆ
ਪਾੜ ਬੇਦਾਵਾ ਕਲਗੀਧਰ ਨੇ ਮਹਾਂ ਸਿੰਘ ਨੂੰ ਸੀਨੇ ਲਾਇਆ
ਮੁਕਤੀ ਪਾ ਗਏ ਚਾਲੀ ਮੁਕਤੇ ਕਲਗੀਧਰ ਨੇ ਇਹ ਫ਼ਰਮਾਇਆ
ਕਿਨੇ ਵੀ ਨਹੀਂ ਇਹ ਰੁਤਬਾ ਪਾਇਆ ਦਇਆ ਸਿੰਘ ਜੋ ਤੁਸਾਂ ਨੇ ਪਾਇਆ

ਮਾਤਾ ਭਾਗੋ ਜੀ ਨੂੰ ਸਫ਼ਰੀ ਲੱਖ ਮੁਬਾਰਕ ਲੱਖ ਵਧਾਈ
ਜਿਨ ਸਿੰਘਾਂ ਦੀ ਟੁੱਟੀ ਗੰਢੀ ਜਿਨ ਸਿੰਘਾਂ ਦੀ ਰੱਖ ਵਖਾਈ !!

22. ਖ਼ੂਨੀ ਦੀਵਾਰ

ਪਿਤਾ ਦਸ਼ਮੇਸ਼ ਨੂੰ ਜਾ ਕੇ ਕਿਸੇ ਨੇ ਦੱਸਿਆ ਦਾਤਾ !
ਤਿਰੇ ਮਾਸੂਮ ਲਾਲਾਂ ਤੇ ਇੱਕ ਦੀਵਾਰ ਉਸਰੀ ਏ
ਕਿਹਾ ਦਸ਼ਮੇਸ਼ ਨੇ ਸਿੰਘੋ "ਇਹ ਸੋਢੀ ਵੰਸ਼ ਦੇ ਉਤੇ
ਪਹਿਲੀ ਵਾਰ ਨੀ ਉਸਰੀ ਅਨੇਕਾਂ ਵਾਰ ਉਸਰੀ ਏ"
ਮੈਨੂੰ ਤਾਂ ਪਤਝੜਾਂ ਹੀ ਜ਼ਿੰਦਗੀ ਵਿਚ ਰਾਸ ਆਈਆਂ ਨੇ
ਮੇਰੇ ਸਾਹਵੇਂ ਕਿਉਂ ਬਹਾਰਾਂ ਦਾ ਜ਼ਿਕਰ ਕਰਦੇ ਓ
ਦੀਵਾਰਾਂ ਉਹ ਪਵਿੱਤਰ ਨੇ ਜਿਨ੍ਹਾਂ ਵਿਚ ਚਿਣੇ ਗਏ ਨਨ੍ਹੇ
ਤੁਸੀਂ ਫਿਰ ਉੱਚਿਆਂ ਮੀਨਾਰਾਂ ਦਾ ਜ਼ਿਕਰ ਕਰਦੇ ਓ?
ਚੰਦੂ ਦਾ ਜ਼ਿਕਰ ਕਰਦੇ ਓ, ਗੰਗੂ ਦਾ ਜ਼ਿਕਰ ਕਰਦੇ ਓ
ਜ਼ਰਾ ਅਫ਼ਸੋਸ ਨੀ ਹੁੰਦਾ ਮੱਕਾਰਾਂ ਦਾ ਜ਼ਿਕਰ ਕਰਦੇ ਓ
ਡੌਲੇ ਫਰਕਦੇ ਮੇਰੇ, ਤਰੇਲੀ ਤੇਗ਼ ਨੂੰ ਆਉਂਦੀ
ਜਦ ਵੀ ਪੰਥ ਦੇ ਗ਼ੱਦਾਰਾਂ ਦਾ ਜ਼ਿਕਰ ਕਰਦੇ ਓ
ਇਹ ਜ਼ਾਲਮਾਨਾ ਕੰਧ ਜਹਾਂਗੀਰ ਜ਼ਾਲਮ ਨੇ
ਮੇਰੇ ਪੜਦਾਦੇ ਗੁਰੂ ਅਰਜਨ ਤੇ ਉਸਾਰੀ ਸੀ
ਇਹ ਹੈ ਕੰਧ ਇੱਟਾਂ ਦੀ, ਉਹ ਸੀ ਕੰਧ ਅਗਨੀ ਦੀ
ਇਹ ਤਾਂ ਕੰਧ ਹਲਕੀ ਹੈ ਮਗਰ ਉਹ ਕੰਧ ਭਾਰੀ ਸੀ
ਸੜਦੀ ਰੇਤ ਦਾ ਕਾਸਾ ਜਦੋਂ ਜਲਾਦ ਨੇ ਹਾਏ !
ਗੁਰੂ ਦੇ ਸੀਸ ਦੇ ਉਤੇ ਬੇਰਹਿਮੀ ਨਾਲ ਪਾਇਆ ਸੀ
ਛਾਲੇ ਦੇਖ ਕੇ ਪਰਵਾਨਿਆਂ ਦੇ ਰੋਣ ਨਿਕਲ ਗਏ
ਬਹਿ ਕੇ ਅੱਗ ਤੇ ਵੀ ਗੁਰੂ ਅਰਜਨ ਮੁਸਕਾਇਆ ਸੀ
ਸਘਰ ਨੇ ਘੋਲ ਉਹ ਘੁਲਿਆ ਜਬਰ ਦਾ ਨਾਸ ਕਰ ਦਿੱਤਾ
ਜਵਾਲਾ ਭੜਕਦੀ ਪਾਪਾਂ ਦੀ ਠੰਡੀ ਠਾਰ ਕਰ ਦਿੱਤੀ
ਤੱਤੀ ਤਵੀ ਤੇ ਬਹਿ ਕੇ ਪਿਆਰੇ ਗੁਰੂ ਅਰਜਨ ਨੇ
ਨੌਂ ਸੌ ਸਾਲ ਦੀ ਮੁਗ਼ਲਾਂ ਦੀ ਕੰਧ ਮਸਮਾਰ ਕਰ ਦਿੱਤੀ
ਔਰੰਗਜ਼ੇਬ ਦੀ ਸ਼ਹਿ ਤੇ ਜਨੂਨੀ ਫੇਰ ਉੱਭਰ ਪਏ
ਉਸਾਰੀ ਕੰਧ ਸਖਤੀ ਦੀ ਗਈ ਕਸ਼ਮੀਰ ਦੇ ਉਤੇ
ਥੱਲੇ ਭਾਰ ਦੇ ਆ ਕੇ ਜਨੇਊ ਚੀਖ ਕੇ ਮਰ ਗਏ
ਬਿਜਲੀ ਆਣ ਕੋਈ ਕੜਕੀ ਹਰ ਤਕਦੀਰ ਦੇ ਉਤੇ
ਨਾਵੇਂ ਸਤਿਗੁਰੂ ਦਿੱਲੀ 'ਚ ਜਾ ਕੇ ਸੀਸ ਦੇ ਦਿੱਤਾ
ਬਾਕੀ ਦੇਸ਼ ਚੋਂ ਉੱਚੀ ਕਿਸੇ ਨੇ ਬਾਂਹ ਨਾ ਕੀਤੀ

ਧਨੀ ਤੇਗ਼ ਦੇ ਬਾਪੂ ਪਿਆਰੇ ਤੇਗ਼ ਧਾਰੀ ਨੇ
ਆਪਣਾ ਸਿਰ ਕਟਾਵਣ ਤੋਂ ਜ਼ਰਾ ਸੀ ਨਾ ਕੀਤੀ
ਨਾਵੇਂ ਗੁਰੂ ਨਾਨਕ ਨੇ ਜ਼ਰਾ ਵੀ ਭੈ ਨਾ ਖਾਧਾ
ਦਿੱਲੀ ਕਤਲਗਾਹ ਜਾ ਕੇ ਆਪਣ ਸਿਰ ਕਟਾ ਦਿੱਤਾ
ਕਿਸੇ ਨੇ ਦੇਗ਼ ਵਿਚ ਪੈ ਕੇ ਤੇ ਆ ਕੇ ਹੇਠ ਆਰੇ ਦੇ
ਸ਼ਹੀਦਾਂ ਦੇ ਕੇ ਜਾਨਾਂ ਜ਼ੁਲਮ ਦਾ ਕਿਲ੍ਹਾ ਢਾਅ ਦਿੱਤਾ
ਤਿਹਰੀ ਵਾਰ ਇਹ ਦੀਵਾਰ ਉਸਰੀ ਕਰਬਲਾ ਬਣਕੇ
ਮੇਰੇ ਲਾਡਲੇ ਦੋਂਹ ਨੱਨੇ ਮੁੰਨ੍ਹੇ ਨੌਨਿਹਾਲਾਂ ਤੇ
ਇੱਟਾਂ ਭਾਰੀਆਂ ਹੈਸਨ ਫੁੱਲਾਂ ਤੋਂ ਹਲਕੀਆਂ ਜਿੰਦਾਂ
ਵੰਤਨ ਦਾ ਭਾਰ ਸਭ ਲੱਥਾ, ਪਿਆ ਜਦ ਭਾਰ ਬਾਲਾਂ ਤੇ
ਕਹਿੰਦੇ ਸੁਣੇ ਸੀ ਪਰਸੋਂ ਦਾਦੀ ਅੱਮੀਏਂ ਹੁਣ ਤੂੰ
ਸਾਡੀ ਤਾਂਘ ਨਾ ਰੱਖੀਂ ਸਾਡਾ ਹਿਤ ਭੁਲਾ ਦੇਵੀਂ
ਸਾਡੇ ਨਾਂ ਦਾ ਟੁੱਕਰ ਸਵੇਰੇ ਬਚ ਗਿਆ ਜਿਹੜਾ
ਉਹ ਨੀਤ ਦੇ ਭੁੱਖਿਆਂ ਕਾਵਾਂ ਨੂੰ ਪਾ ਦੇਵੀਂ
ਕਿਤੇ ਦਸ਼ਮੇਸ਼ ਜੇ ਮਿਲਿਆ ਤਾਂ ਆਖੀਂ ਭਾਰ ਇੱਟਾਂ ਦਾ
ਫਤਹਿ ਸਿੰਘ ਦੇ ਨਾਜ਼ੁਕ ਜਿਸਮ ਤੋਂ ਝੱਲ ਨੀ ਹੁੰਦਾ
ਮਗਰ ਉਨ ਝਲਿਆ ਕਿਉਂਕਿ ਤਸੀਹੇ ਸਹਿਣ ਦੇ ਬਾਹਝੋਂ
ਭਾਰਤ ਮਾਂ ਦੇ ਦੁੱਖਾਂ ਦਾ ਮਸਲਾ ਹੱਲ ਨੀ ਹੁੰਦਾ
ਪੱਥਰ ਦਿਲਾਂ ਨੇ ਪੱਥਰ ਜੇ ਸਾਨੂੰ ਹੋਰ ਵੀ ਮਾਰੇ
ਉੱਤਰ ਇਨ੍ਹਾਂ ਦਾ ਸਾਡਾ ਕੋਈ ਬੰਦਾ ਬੀਰ ਦੇਵੇਗਾ
ਐਸਾ ਸਬਕ ਦੇਵੇਗਾ ਵਜੀਦੇ ਖ਼ਾਨ ਪਾਪੀ ਨੂੰ
ਕਰ ਸਰਹੰਦ ਦੀ ਚੁੰਨੀ ਨੂੰ ਲੀਰੋ ਲੀਰ ਦੇਵੇਗਾ
ਹੋਇਆ ਕੀ ਚੰਨ ਜੇ ਮੇਰੇ ਦੋਏ ਦੀਵਾਰ ਵਿਚ ਛਿਪ ਗਏ
ਮੁਸੀਬਤ ਲੱਖ ਵੀ ਢੱਠੇ ਮੇਰੇ ਪਰਿਵਾਰ ਦੇ ਉਤੇ
ਢਾਵੇ ਦਿਲ ਨਾ ਸਫ਼ਰੀ ਉਸਕ ਕੇ ਹੋਰ ਵੀ ਬੈਠੇ
ਸਿੱਖੀ ਦਾ ਮਹਿਲ ਉਸਰੇਗਾ ਇਸ ਦੀਵਾਰ ਦੇ ਉਤੇ

....

23. ਦੀਵਾਨ ਟੋਡਰ ਮਲ

ਚਮਕ ਰਹੀ ਚਮਕੌਰ ਗੜ੍ਹੀ ਵਿਚ ਲੜੀ ਅਜੀਤ੍ਹ ਜੁਝਾਰ ਲੜਾਈ
ਅਣਗਿਣਤ ਦੁਸ਼ਮਨ ਝਟਕਾ ਕੇ ਲਾਲਾਂ ਅੰਤ ਸ਼ਹੀਦੀ ਪਾਈ
ਫਤਹਿ ਸਿੰਘ ਤੇ ਜ਼ੋਰਾਵਰ ਨੇ ਬਲੀਦਾਨ ਦੀ ਹੱਦ ਮੁਕਾਈ
ਨੀਹਾਂ ਵਿਚ ਚਿਣਵਾ ਕੇ ਆਪਾ ਮੁਗਲ ਰਾਜ ਦੀ ਨੀਂਹ ਹਿਲਾਈ

ਦਸਮ ਪਿਤਾ ਦੇ ਚਾਰੇ ਪੁੱਤਰ ਹਸਦੇ ਹੋਏ ਸ਼ਹੀਦੀ ਪਾ ਗਏ
ਨਹੀਂ ਨਿਵਾਈ ਗਰਦਨ ਉਹਨਾਂ ਅਣਖੀਲੇ ਗਰਦਨ ਕਟਵਾ ਗਏ

ਮਾਂ ਗੁਜਰੀ ਦੇ ਬਲੀ ਦਾਨ ਦਾ ਕੋਈ ਅੰਦਾਜ਼ਾ ਲਾ ਕੇ ਦੱਸੇ
ਨਨ੍ਹੇ ਨਨ੍ਹੇ ਪੋਤਰਿਆਂ ਨੂੰ ਨੀਹਾਂ ਵਿਚ ਚਿਣਵਾ ਕੇ ਦੱਸੇ
ਜਿੰਨਾ ਲਹੂ ਪਿਲਾਇਆ ਮਾਤਾ ਪਾਣੀ ਕੋਈ ਪਿਲਾ ਕੇ ਦੱਸੇ
ਦਸਮ ਪਿਤਾ ਦੇ ਜਿਗਰੇ ਵਰਗਾ ਜਿਗਰਾ ਕੋਈ ਬਣਾ ਕੇ ਦੱਸੇ

ਜਿਸ ਨੇ ਪੱਤ ਵਤਨ ਦੀ ਢੱਕੀ ਅੱਜ ਵੇਲੇ ਸਿਰ ਆ ਨੀ ਸਕਿਆ
ਦੋ ਪੁੱਤਰਾਂ ਦੀਆਂ ਲਾਸ਼ਾਂ ਉਤੇ ਦੋ ਗਜ਼ ਕੱਪੜਾ ਪਾ ਨੀ ਸਕਿਆ

ਸਾਧ ਸੰਗਤ ਨੇ ਇਉਂ ਸੋਚਿਆ ਲੋਥਾਂ ਦਾ ਸਤਿਕਾਰ ਹੋਏਗਾ
ਦਾਦੀ ਤੇ ਦੋਹ ਪੋਤਰਿਆਂ ਦਾ ਅੰਗੀਠਾ ਤਿਆਰ ਹੋਏਗਾ
ਸੂਬੇ ਕਿਹਾ ਵਿਛਾਵੋ ਮੋਹਰਾਂ ਧਰਤੀ ਦਾ ਵਿਉਪਾਰ ਹੋਏਗਾ
ਜਿੰਨੀ ਭੋਂ ਖਰੀਦ ਸਕੋਗੇ ਓਨੀ ਤੇ ਸਸਕਾਰ ਹੋਏਗਾ

ਸਮੇਂ ਦਿਆ ਬਲਵਾਨਾਂ ਵਿਚੋਂ ਕੋਈ ਸਾਮ੍ਹਣੇ ਆ ਨਾ ਸਕਿਆ
ਮਹਿੰਗੀ ਭੋਂ ਖਰੀਦ ਨਾ ਸਕਿਆ ਮੋਹਰਾਂ ਕੋਈ ਵਿਛਾ ਨਾ ਸਕਿਆ

ਟੋਡਰ ਮਲ ਗੁਰੂ ਦਾ ਸੇਵਕ ਇਹ ਖਿਆਲ ਉਹਦੇ ਦਿਲ ਵਿਚ ਆਏ
ਉਹ ਗੁਰੂ ਜਿਨ ਸਾਡੀ ਖ਼ਾਤਿਰ ਆਪਣੇ ਚਾਰੇ ਪੁੱਤ ਕੁਹਾਏ
ਉਹ ਗੁਰੂ ਜਿਨ ਖੂਨ ਪਿਤਾ ਦਾ ਦੇ ਕੇ ਸਾਡੇ ਦੀਪ ਜਗਾਏ
ਉਸਦੀ ਮਾਤਾ ਉਸ ਦੇ ਪੁੱਤਰ ਲਾਸ਼ਾਂ ਪਈਆਂ ਰੁਲਦੀਆਂ ਹਾਏ

ਇਹ ਭਾਰਤ ਸੋਨੇ ਦੀ ਚਿੜੀਆ ਮੈਂ ਇਹ ਗੱਲ ਲਕੋ ਨੀ ਸਕਦਾ
ਕੁਲ ਭਾਰਤ ਤੋਂ ਤਿੰਨ ਲੋਥਾਂ ਦਾ ਸੰਸਕਾਰ ਵੀ ਹੋ ਨੀ ਸਕਦਾ

ਘਰੋਂ ਲਿਆ ਕੇ ਧਰਤੀ ਉਤੇ ਟੋਡਰ ਮੱਲ ਵਿਛਾਈਆਂ ਮੋਹਰਾਂ
ਭਾਗਵਾਨ ਉਹਦੀ ਪਤਨੀ ਨੇ ਵੀ ਆਪਣੇ ਗਲੋਂ ਲੁਹਾਈਆਂ ਮੋਹਰਾਂ
ਸੂਬੇ ਨੇ ਖੁਦ ਗਿਣੀਆਂ ਮੋਹਰਾਂ ਟੋਡਰ ਮੱਲ ਗਿਣਾਈਆਂ ਮੋਹਰਾਂ
ਸੰਸਕਾਰ ਲਈ ਭੋਇੰ ਖਰੀਦੀ ਬਹੁਤ ਖਰੇ ਕੰਮ ਆਈਆਂ ਮੋਹਰਾਂ

ਖਾਨ ਵਜੀਦਾ ਆਖਣ ਲੱਗਾ ਪਾਸ ਤੁਹਾਡੇ ਬੜੀਆਂ ਮੋਹਰਾਂ
ਨਹੀਂ ਵਿਛਾਵਣ ਲਈ ਕਿਹਾ ਸੀ ਕਰਨੀਆਂ ਪੈਣੀਆਂ ਖੜੀਆਂ ਮੋਹਰਾਂ

ਮੋਹਰਾਂ ਵੱਟੇ ਭੋਂ ਵੇਚਦੇ ਇਹ ਸਿੱਖੋ ਵਿਉਪਾਰ ਹੈ ਸਾਡਾ
ਮੋਹਰਾਂ ਖੜੀਆਂ ਕਰੋ ਨਹੀਂ ਤਾਂ ਭੋਂ ਦੇਣੋਂ ਇਨਕਾਰ ਹੈ ਸਾਡਾ
ਟੋਡਰ ਮੱਲ ਫਿਕਰ ਵਿਚ ਡੁੱਬਾ ਜ਼ਾਮਨ ਇੱਕ ਕਰਤਾਰ ਹੈ ਸਾਡਾ
ਟੋਡਰ ਮੱਲ ਦੀ ਨੇਕ ਸਪੁਤਰੀ ਬੋਲੀ ਬੇੜਾ ਪਾਰ ਹੈ ਸਾਡਾ

ਬਾਪੂ ਇਹਨਾਂ ਭੋਂ ਨੀ ਦੇਣੀ ਇਹ ਜ਼ਾਲਮ ਨੇ ਅੜੀਆਂ ਕਰਦੇ
ਦਾਜ ਮਿਰੇ ਲਈ ਰੱਖੀਆਂ ਮੋਹਰਾਂ ਕੱਢ ਸੰਦੂਕੋਂ ਖੜੀਆਂ ਕਰ ਦੇ

ਇਹ ਕਮੀਨੇ ਬੇ ਜ਼ਬਾਨੇ ਦੇਖੋ ਕਿਸ ਥਾਂ ਆ ਕੇ ਮੁਕਰੇ
ਜਿਲਦ ਕੁਰਾਨ ਦੀ ਆਟੇ ਦੀ ਗਊ ਕਿਲੇ ਦੇ ਬਾਹਰ ਟਿਕਾ ਕੇ ਮੁਕਰੇ
ਮੋਹਰਾਂ ਅਸੀਂ ਵਿਛਾਈਆਂ ਭੋਂ ਤੇ ਇਹ ਮੋਹਰਾਂ ਵਿਛਵਾ ਕੇ ਮੁਕਰੇ
ਗੁਰੂ ਗੋਬਿੰਦ ਸਿੰਘ ਸਾਹਵੇਂ ਵੀ ਇਹ ਝੂਠੀਆਂ ਕਸਮਾਂ ਖਾ ਕੇ ਮੁਕਰੇ

ਉਹ ਜਾਣੇ ਘਰ ਖ਼ਾਲੀ ਹੋ ਗਿਆ ਗੁਰੂ ਦਏਗਾ ਬੜੀਆਂ ਮੋਹਰਾਂ
ਲਾਲਾਂ ਦਾ ਸਸਕਾਰ ਹੋ ਗਿਆ ਕਰ ਦਿੱਤੀਆਂ ਬੱਸ ਖੜੀਆਂ ਮੋਹਰਾਂ

ਬੋਲੋ ਸਿੰਘੋ ਟੋਡਰ ਮੱਲ ਦਾ ਕੀਤਾ ਕਿੱਦਾਂ ਜਾਏ ਭੁਲਾਇਆ
ਏਨਾ ਕੌਣ ਕਮਾ ਸਕਦਾ ਹੈ ਜਿੰਨਾ ਉਨ ਉਪਕਾਰ ਕਮਾਇਆ
ਮੋਤੀ ਮਹਿਰੇ ਕੰਧ ਫੰਧ ਦੇ ਸੀ ਲਾਲਾਂ ਨੂੰ ਦੁੱਧ ਪਿਲਾਇਆ
ਸਿੱਖੀ ਦੀ ਉਨ ਸੇਵਾ ਕੀਤੀ ਤਾਹੀਉਂ ਸੱਚਾ ਸਿਖ ਕਹਾਇਆ

ਨਬੀ ਖ਼ਾਨ ਤੇ ਗਨੀ ਖ਼ਾਨ ਨੇ ਦਸਮ ਪਿਤਾ ਦਾ ਪਲੰਘ ਉਠਾਇਆ
ਸਿੱਖੀ ਦਾ ਅਨਮੋਲ ਖ਼ਜ਼ਾਨਾ ਮੁਸਲਮਾਨ ਦੇ ਹਿੱਸੇ ਆਇਆ

ਆਪਾ ਘੋਲ ਘੁਮਾ ਕੇ ਮਿਲਦੀ ਉਸ ਵਸਤੂ ਦਾ ਨਾਂ ਹੈ ਸਿੱਖੀ
ਵਿਰਲਾ ਹੀ ਕੋਈ ਬਹਿ ਸਕਦਾ ਹੈ ਤਲਵਾਰਾਂ ਦੀ ਛਾਂ ਹੈ ਸਿੱਖੀ
ਸਤਿਗੁਰ ਤੇਗ਼ ਬਹਾਦਰ ਸਿੱਖੀ ਜਾਂ ਫਿਰ ਗੁਜਰੀ ਮਾਂ ਹੈ ਸਿੱਖੀ
ਸੀਸ ਤਲੀ ਤੇ ਧਰ ਲਉ ਸਫ਼ਰੀ ਹਾਸਿਲ ਹੋਣੀ ਤਾਂ ਹੈ ਸਿੱਖੀ

ਸਿੱਖੀ ਦੀ ਕੋਈ ਜ਼ਾਤ ਨਹੀਂ ਹੈ ਹਰ ਕੋਈ ਹਿੱਸਾ ਪਾ ਸਕਦਾ ਹੈ
ਜੋ ਸਿੱਖੀ ਦੀ ਸੇਵਾ ਕਰਦਾ ਉਹੀਓ ਸਿੱਖ ਕਹਾ ਸਕਦਾ ਹੈਂ ।

24. ਨਾਵੇਂ ਗੁਰੂ ਦਾ ਬਲੀਦਾਨ

ਕਤਲਗਾਹ ਵਲ ਹਸਦਾ ਹਸਦਾ ਗੁਰ ਨਾਨਕ ਦਾ ਨੂਰ ਜਾ ਰਿਹੈ
ਤੇਗ਼ ਬਹਾਦਰ ਕਰਨ ਵਾਸਤੇ ਜ਼ੁਲਮ ਨੂੰ ਚਕਨਾ ਚੂਰ ਜਾ ਰਿਹੈ
ਕਤਲ ਹੋਣ ਲਈ ਗੁਜਰੀ ਮਾਂ ਦੇ ਕੇਸਾਂ ਦਾ ਸੰਧੂਰ ਜਾ ਰਿਹੈ
ਦਾਦੇ ਦੇ ਨਜ਼ਦੀਕ ਜਾ ਰਿਹੈ ਪਰ ਪੁੱਤਰ ਤੋਂ ਦੂਰ ਜਾ ਰਿਹੈ

ਹੁਣ ਨਾ ਤਿਲਕੀਂ ਪੰਡਤਾ,ਸਤਿਗੁਰ ਮੁੱਲ ਤਿਲਕ ਦਾ ਪਾ ਦੇਵੇਗਾ
ਤੱਗ ਤੇਰਾ ਨਹੀਂ ਕਟਦਾ ਹੁਣ ਇਹ ਆਪਣਾ ਸਰ ਕਟਵਾ ਦੇਵੇਗਾ

ਸਤਿਗੁਰ ਤੇਗ਼ ਬਹਾਦਰ ਜੀਉ ਤੇਰੀ ਮਹਿਮਾ ਅਪਰ ਅਪਾਰਾ
ਸਾਨੂੰ ਸਾਡੀ ਜਿੰਦ ਪਿਆਰੀ ਤੈਨੂੰ ਤੇਰਾ ਧਰਮ ਪਿਆਰਾ
ਮਤੀ ਦਾਸ ਦੇ ਸੀਸ 'ਚ ਆਰਾ ਉਤਰ ਗਿਆ ਸਾਰੇ ਦਾ ਸਾਰਾ
ਹੋਰ ਤਸੀਹਾ ਜੇ ਕੋਈ ਦੇਣਾ ਉਹ ਵੀ ਦੇ ਲੈ ਕਾਤਲ ਯਾਰਾ

ਚੀਰੋ ਉਏ ਦਿਲ ਲਾ ਕੇ ਚੀਰੋ ਸਮੇਂ ਦਾ ਭੱਠਾ ਬਹਿ ਨਾ ਜਾਏ
ਇਹ ਜਪੁਜੀ ਦਾ ਪਾਠ ਕਰੇਂਦਾ ਕਿਤੇ ਅਧੂਰਾ ਰਹਿ ਨਾ ਜਾਏ

ਜੱਲਾਦੋ ! ਤੁਹਾਡਾ ਉਜਲਾ ਕਿੱਤਾ ਇਹ ਹੈ ਤੁਹਾਡੀ ਖਰੀ ਮਜੂਰੀ
ਚੌਹ ਚਾਂਦੀ ਦੇ ਛਿਲੜਾਂ ਖਾਤਿਰ ਖੋਂਹਦੇ ਹੋ ਜਿੰਦ ਬੇ-ਕਸੂਰੀ
ਜਿਹੜਾ ਜ਼ਾਲਮ ਜ਼ੁਲਮ ਕਰੇਂਦਾ ਨਹੀਂ ਪੈ ਸਕਦੀ ਉਸ ਦੀ ਪੂਰੀ
ਤਲਵਾਰਾਂ ਨੂੰ ਕੰਨ ਨਹੀਂ ਹੁੰਦੇ ਮੂੰਹ ਹੁੰਦੇ ਨੇ ਬੜੇ ਜ਼ਰੂਰੀ

ਦੇਸ਼ ਕੌਮ ਦੀ ਖ਼ਾਤਿਰ ਜਿਹੜੇ ਆਪਣੀ ਜਿੰਦ ਘੁਮਾ ਜਾਂਦੇ ਨੇ
ਨਾ ਦੁਨੀਆਂ ਤੇ ਮਿਟਨੇ ਵਾਲਾ ਇੱਕ ਇਤਿਹਾਸ ਬਣਾ ਜਾਂਦੇ ਨੇ

ਸਤੀ ਦਾਸ ਨੂੰ ਸਹਿਜੇ ਸਹਿਜੇ ਰੂਈ ਵਿਚ ਜਲਾਉਂਦੇ ਪਏ ਓ
ਲਾਟਾਂ ਉਤੇ ਜਲਣਾ ਪੈਂਦਾ ਭੰਬਟ ਨੂੰ ਸਮਝਾਉਂਦੇ ਪਏ ਓ
ਇਹਨਾਂ ਈਨ ਕਦੇ ਨੀ ਮੰਨਣੀ ਕਿਉਂ ਏਨੀ ਟਿੱਲ ਲਾਉਂਦੇ ਪਏ ਓ
ਅੱਲਾ ਦੀ ਹਿੱਕ ਚਿਰਦੀ ਜਿਹੜਾ ਚੀਰ ਬੰਦੇ ਨੂੰ ਪਾਉਂਦੇ ਪਏ ਓ

ਆਰੇ ਦੰਦ ਕਰੀਚ ਰਿਹਾ ਏਂ ਇਹ ਪਾਪ ਤੇਰੇ ਮਾਫ ਨੀ ਹੋਣੇ
ਸੌ ਸੌ ਵਾਰ ਜ਼ਮ ਜ਼ਮ ਵਿਚ ਨ੍ਹਾ ਲਈਂ ਇਹ ਦੰਦ ਤੇਰੇ ਸਾਫ਼ ਨੀ ਹੋਣੇ

ਦੇਗੇ ਦੇ ਵਿਚ ਭਾਈਦਿਆਲਾ ਉਬਲ ਰਿਹਾ ਗੁਰਬਾਣੀ ਗਾਏ
ਹੈ ਕੋਈ ਸਿੱਖ ਜਗਤ ਤੇ ਜਿਹੜਾ ਏਨਾ ਸਿਖੀ ਸਿਦਕ ਨਿਭਾਏ
ਓ ਜਲਾਦੋ ! ਦੇਗ਼ ਮੇਰੀ ਦਾ ਢੱਕਣ ਕੋਈ ਨਾ ਪਰ੍ਹਾਂ ਹਟਾਏ
ਭਾਫ਼ ਬੜੀ ਮੈਨੂੰ ਠੰਢੀ ਲਗਦੀ ਇਹ ਬਾਹਰ ਨਾ ਨਿਕਲ ਜਾਏ

ਸਤੀ ਦਾਸ ਵੀ ਜਲਦੀ ਜਲਦੀ ਰੂਈ ਵਿਚ ਲਪੇਟ ਹੋ ਗਿਆ
ਪੰਡਤਾ ! ਤੇਰਾ ਜਨਮ ਜਨਮ ਦਾ ਸਾਰਾ ਦੁੱਖ ਸਮੇਟ ਹੋ ਗਿਆ

ਮਤੀ ਦਾਸ ਦੋ ਫਾੜ ਹੋ ਗਿਆ ਖ਼ੂਨ ਦੀ ਗੰਗਾ ਵਗਦੀ ਪਈ ਏ
ਭਾਰਤ ਮਾਂ ਦੇ ਜ਼ਖ਼ਮਾਂ ਉਤੇ ਲਹੂ ਦੀ ਮਲ੍ਹਮ ਲਗਦੀ ਪਈ ਏ
ਖ਼ੁਦ ਪਰਵਾਨੇ ਸੜਦੇ ਪਏ ਨੇ ਸ਼ਮ੍ਹਾ ਅਣਖ ਦੀ ਜਗਦੀ ਪਈ ਏ
ਸਤਿਗੁਰ ਤੇਗ਼ ਬਹਾਦਰ ਜੀ ਦੀ ਸੂਰਤ ਸੋਹਣੀ ਲਗਦੀ ਪਈ ਏ

ਅਗੇ ਤੋਂ ਵੀ ਹੋਰ ਵਧੇਰੇ ਨੂਰੀ ਮੱਥਾ ਚਮਕ ਰਿਹਾ ਹੈ
ਈਸਪਾਤ ਦੀਆਂ ਸੀਖਾਂ ਅੰਦਰ ਹੋਰ ਚੰਦਰਮਾ ਚਮਕ ਰਿਹਾ ਹੈ

ਤੇਗ਼ ਬਹਾਦਰ ਜੀ ਦੇ ਸਿਰ ਤੇ ਜਦ ਕਾਤਿਲ ਨੇ ਤੇਗ਼ ਉਠਾਈ
ਪਾਕ ਨਬੀ ਦੀ ਸੂਰਤ ਉਸ ਨੂੰ ਫਿਟਕਾਂ ਪਾਉਂਦੀ ਨਜ਼ਰੀਂ ਆਈ
ਕੁਲ ਅੰਬਰ ਨੇ ਸੋਗ ਮਨਾਇਆ ਕੁਲ ਧਰਤੀ ਨੇ ਫੂੜ੍ਹ ਵਿਛਾਈ
ਸੀਸ ਲਹਿ ਗਿਆ ਖ਼ੂਨ ਬਹਿ ਗਿਆ ਇੱਕ ਆਵਾਜ਼ ਅਕਾਸ਼ੋਂ ਆਈ

ਇਸ ਦੇ ਖ਼ੂਨ ਦਾ ਇੱਕ ਇੱਕ ਕਤਰਾ ਆਪਣਾ ਰੰਗ ਦਿਖਾ ਜਾਵੇਗਾ
ਜਬਰ ਸਿਤਮ ਨੂੰ ਪੀ ਜਾਵੇਗਾ ਮੁਗ਼ਲ ਰਾਜ ਨੂੰ ਖਾ ਜਾਵੇਗਾ

ਸਤਿਗੁਰੁ ਤੇਗ਼ ਬਹਾਦਰ ਤੂੰ ਇੱਕ ਬਹੁਤ ਵੱਡਾ ਉਪਕਾਰ ਕਮਾਇਆ
ਆਪਣਾ ਜੀਵਨ ਦੇ ਕੇ ਸੱਤੇ ਮੋਇਆਂ ਦੇ ਵਿਚ ਜੀਵਨ ਪਾਇਆ
ਤੂੰ ਗ਼ੈਰਤ ਦੀ ਚੋਭੜ ਲਾ ਕੇ ਸੁੱਤਾ ਭਾਰਤ ਵਰਸ਼ ਜਗਾਇਆ
ਸੀਸ ਗੰਜ ਤੇਰੀ ਅਮਰ ਨਿਸ਼ਾਨੀ ਸੀਸ ਗੰਜ ਤੂੰ ਸੀਸ ਕਟਾਇਆ

ਓ ਦੁਨੀਆਂ ਦੇ ਭੱਦਰ ਪੁਰਸ਼ੋ ! ਹਾਲ ਦੁਹਾਈ ਹਾਲ ਦੁਹਾਈ
ਦਿੱਲੀ ਨੇ ਦਿਲ ਖਾਧਾ ਸਾਡਾ ਦਿੱਲੀ ਸਾਨੂੰ ਰਾਸ ਨੀ ਆਈ

ਸਤਿਗੁਰ ਤੇਗ਼ ਬਹਾਦਰ ਵਰਗਾ ਬਲੀਦਾਨ ਕੋਈ ਕਰ ਨੀਂ ਸਕਦਾ
ਹਰ ਸਕਦਾ ਹੈ ਕੁਲ ਜ਼ਮਾਨਾ ਪੰਥ ਖਾਲਸਾ ਹਰ ਨੀਂ ਸਕਦਾ
ਸਿਖ ਸ਼ਹੀਦਾਂ ਜੋ ਦੁੱਖ ਜਰਿਆ ਸ਼ਾਹ ਮਨਸੂਰ ਵੀ ਜਰ ਨੀ ਸਕਦਾ
ਸਿੱਖ ਵਾਂਗ ਕੋਈ ਜੀ ਨੀਂ ਸਕਦਾ ਸਿੱਖ ਵਾਂਗ ਕੋਈ ਮਰ ਨੀਂ ਸਕਦਾ

ਤੇਗ਼ ਬਹਾਦਰ ਨੂੰ ਨਾ ਵਿਸਰੀਂ ਓ ਸਫ਼ਰੀ ਦੇ ਕਮਲੇ ਜੀਆ
ਧਰਮ ਹੇਤ ਜਿਨ ਸਾਕਾ ਕੀਆ ਸੀਸ ਦੀਆ ਪਰ ਸਿਰੜ ਨਾ ਦੀਆ

25. ਹਰਗੋਬਿੰਦ ਸਾਹਿਬ

ਬਖ਼ਸ਼ਿਸ਼ ਬਾਬੇ ਬੁੱਢੇ ਦੀ ਇੱਕ ਅਰਸ਼ੋਂ ਉਤਰੀ ਜੋਤ ਨਿਆਰੀ
ਮਾਂ ਗੰਗਾ ਨੇ ਕੁਖੋਂ ਜਾਇਆ ਹਰਗੋਬਿੰਦ ਜੋਧਾ ਬਲਕਾਰੀ
ਅੰਬਰ ਤੀਕਰ ਖੁਸ਼ੀ ਮਨਾਈ ਸਤਿਗੁਰ ਅਰਜਨ ਪਰਉਪਕਾਰੀ
ਮਾਲਾ ਪਰ੍ਹਾਂ ਵਗਾਹ ਕੇ ਮਾਰੀ ਬਣ ਬੈਠਾ ਉਹ ਪਰਉਪਕਾਰੀ

ਐਸੇ ਸ਼ਸਤਰਧਾਰੀ ਸਤਿਗੁਰ ਤੋਂ ਮੈਂ ਕਿਉਂ ਨਾ ਜ਼ਿੰਦੜੀ ਵਾਰਾਂ
ਗਲੋਂ ਗ਼ੁਲਾਮੀ ਲਾਹੁਣ ਲਈ ਜਿਨ ਗਲ ਵਿਚ ਪਾਈਆਂ ਦੋ ਤਲਵਾਰਾਂ

ਕਾਠ ਗੜ੍ਹ ਦਾ ਕਿਲ੍ਹਾ ਉਸਾਰਿਆ ਸ਼ਕਤੀ ਸ਼ਾਲੀ ਫੌਜ ਬਣਾਈ
ਘੋੜ ਸਵਾਰ ਤੇ ਪੈਦਲ ਸੈਨਾ ਦੀ ਹੁੰਦੀ ਸੀ ਨਿਤ ਸਿਖਲਾਈ
ਜਿਥੇ ਲਗਦੀ ਨਿਤ ਕਚਹਿਰੀ ਅਕਾਲ ਤਖ਼ਤ ਦੀ ਨੀਂਹ ਧਰਾਈ
ਕਾਠ ਮਾਰਿਆ ਜਹਾਂਗੀਰ ਨੂੰ ਗੁਰਾਂ ਕਾਰ ਦੀ ਤੋਪ ਚਲਾਈ

''ਜੇ ਸਾਡਾ ਇਸ ਬਾਜ ਪੱਕੜਿਆ ਤਾਜ ਨੂੰ ਵੀ ਹੱਥ ਪਾ ਸਕਦਾ ਹੈ
ਇਹ ਸ਼ਾਹੀ ਲਾਹੌਰ ਕਿਲ੍ਹੇ ਤੇ ਆਪਣਾ ਰੋਅਬ ਜਮਾ ਸਕਦਾ ਹੈ''

ਕੀ ਸੁਣਿਆ ਏ ਜਹਾਂਗੀਰ ਨੇ ਸ਼ਾਹੀ ਹੁਕਮ ਚੜ੍ਹਾ ਦਿੱਤਾ ਏ
ਕਿਲ੍ਹੇ ਗਵਾਲੀਅਰ ਛੇਵੇਂ ਸਤਿਗੁਰ ਨੂੰ ਬੰਦੀ ਬਣਵਾ ਦਿੱਤਾ ਏ
ਸਾਰੀ ਧਰਤ ਹਿਲਾ ਦਿਤੀ ਏ ਆਸਮਾਨ ਥੱਰ੍ਹਾ ਦਿੱਤਾ ਏ
ਰੱਬ ਦੇ ਬੰਦਿਆ! ਤੂੰ ਕਿਉਂ ਆਪਣਾ ਰੱਬ ਕੈਦ ਵਿਚ ਪਾ ਦਿੱਤਾ ਏ

ਵਰ੍ਹੇ ਕੁ ਮਗਰੋਂ ਜਹਾਂਗੀਰ ਤੇ ਐਸੀ ਬਿਪਤਾ ਚੜ੍ਹੀ ਆ
ਸਤਿਗੁਰ ਨਾਲ ਬਵੰਜਾ ਰਾਜੇ ਕਰਨੇ ਪੈ ਗਏ ਸਗੋਂ ਰਿਹਾ

ਪ੍ਰਿਥੀ ਚੰਦ ਦੇ ਪੁੱਤਰ ਦੋਖੀ ਕਹਿਰਵਾਨ ਨੇ ਕਹਿਰ ਕਮਾਇਆ
ਤੇ ਚੰਦੂ ਦੇ ਪੁੱਤਰ ਚੰਦਰੇ ਚੰਦਰਾ ਹੀ ਕੋਈ ਚੰਦ ਚੜ੍ਹਾਇਆ
ਦੋਹਾਂ ਜਣਿਆਂ ਪੱਗ ਵਟਾਈ ਸ਼ਾਹ ਜਹਾਨ ਨੂੰ ਜਾ ਭੜਕਾਇਆ
ਮੁਗ਼ਲ ਬਾਦਸ਼ਾਹ ਰੋਹ ਵਿਚ ਆ ਕੇ ਹਰ ਕਾਸ਼ੀ ਦਾ ਮੰਦਰ ਢਾਇਆ

ਗ਼ੁਲਾਮ ਰਸੂਲ ਤੇ ਮਖ਼ਲਿਸ ਖਾਂ ਫਿਰ ਅੰਮ੍ਰਿਤਸਰ ਤੇ ਚੜ੍ਹਕੇ ਆਏ
ਸੱਤ ਹਜ਼ਾਰ ਸੀ ਮੁਗ਼ਲ ਸਿਪਾਹੀ ਦੋ ਸੌ ਸਿੰਘਾਂ ਮਾਰ ਭਜਾਏ

ਸੂਰਬੀਰ ਸਤਿਗੁਰ ਨੇ ਲੜੀਆਂ ਧਰਮ ਦੀ ਖਾਤਿਰ ਚਾਰ ਲੜਾਈਆਂ
ਗੁਰ ਸਿੱਖਾਂ ਨੇ ਸਿਖੀ ਖਾਤਿਰ ਸੈਆਂ ਜਿੰਦਾਂ ਘੋਲ ਘੁਮਾਈਆਂ
ਬਿਧੀ ਚੰਦ੍ਰ ਬਾਬੇ ਗੁਰਦਿੱਤੇ ਤੇਗ਼ ਮਲ ਨੇ ਤੇਗਾਂ ਵਾਹੀਆਂ
ਕੁਤਬ ਦੀਨ ਕਾਲੇਂ ਖ਼ਾਂ ਮੋਇਆਂ ਰਤਨ ਚੰਦ ਕਰ ਗਿਆ ਚੜ੍ਹਾਈਆਂ

ਅੰਮ੍ਰਿਤਸਰ ਕਰਤਾਰ ਪੁਰੇ ਤੋਂ ਬਾਅਦ ਛਿੜੀ ਜੰਗ ਵਿਚ ਨਥਾਣੇ
ਲਲਾ ਬੇਗ ਤੇ ਮਖ਼ਲਿਸ ਖ਼ਾਂ ਵੀ ਅਬਦੁਲਾ ਲਗ ਗਏ ਟਿਕਾਣੇ

ਪੈਂਦੇ ਖਾਂ ਬਗ਼ਾਵਤ ਕਰਕੇ ਗੁਰੂ ਸਾਹਿਬ ਤੇ ਤੇਗ ਉਠਾਈ
ਤਿੰਨ ਵਾਰ ਢਾਲੇ ਤੇ ਰੋਕੇ ਫਿਰ ਸਤਿਗੁਰ ਵਾਰੀ ਪਰਤਾਈ
ਫਰਕ ਪਏ ਫੌਲਾਦੀ ਡੌਲੇ ਭਖਦੇ ਨੈਣਾਂ ਅੱਗ ਵਰ੍ਹਾਈ
ਪੈਂਦੇ ਖਾਨ ਪਠਾਣ ਨੂੰ ਇੱਕ ਦਮ ਬੁਢੜੀ ਨਾਨੀ ਚੇਤੇ ਆਈ

ਇੱਕੋ ਵਾਰ ਗੁਰੂ ਨੇ ਕੀਤਾ ਪੈਂਦੇ ਖਾਂ ਦੋ ਫਾੜ ਹੋ ਗਿਆ
ਲੱਤਾਂ ਭੋਇੰ ਤੇ ਲਾਉਂਦਾ ਨਹੀਂ ਸੀ ਖੰਡੇ ਹੇਠ ਲਤਾੜ ਹੋ ਗਿਆ

ਕੀ ਸਿੱਖਾ ਤੂੰ ਸਮਝ ਗਿਆ ਏਂ ਕਿੰਨਾ ਮੁਸ਼ਕਿਲ ਰਾਹ ਹੈ ਸਿੱਖੀ
ਮੌਤ ਦੀ ਵੀ ਪਰਵਾਹ ਨੀਂ ਕਰਦੀ ਕਿੰਨੀ ਬੇ ਪਰਵਾਹ ਹੈ ਸਿੱਖੀ
ਨਿਰ-ਭਉ ਨਿਰਵੈਰ ਹੈ ਸਿੱਖੀ ਰੱਬ ਦੀ ਸਿਫਤ ਸਲਾਹ ਹੈ ਸਿੱਖੀ
ਗੁਰ ਅਰਜਨ ਦੇ ਛਾਲੇ ਤੱਕ ਕੇ ਕਾਤਿਲ ਕਹਿੰਦਾ ਆਹ ਹੈ ਸਿੱਖੀ

ਧਰਮ ਦੀ ਖਾਤਿਰ ਜਿਹੜਾ ਵੀ ਸਿੱਖ ਆਪਣਾ ਸੀਸ ਕਟਾ ਨੀਂ ਸਕਦਾ
ਸਤਿਗੁਰ ਹਰ ਗੋਬਿੰਦ ਸਾਹਿਬ ਦਾ ਹਰਗਿਜ਼ ਸਿੱਖ ਕਹਾ ਨੀਂ ਸਕਦਾ

ਅੱਜ ਦੇ ਭੋਲੇ ਭਾਲੇ ਸਿੱਖਾ ਕਿਉਂ ਸਿੱਖੀ ਤੋਂ ਦੂਰ ਹੋ ਗਿਉਂ
ਜ਼ਖ਼ਮ ਵਤਨ ਦੇ ਰਿਸਦੇ, ਅਪਣਾ ਆਪੇ ਤੂੰ ਨਾਸੂਰ ਹੋ ਗਿਉਂ
ਸ਼ੀਸ਼ੇ ਦੀ ਸਟ ਖਾ ਕੇ ਪਥਰਾ ਕਿਉਂ ਤੂੰ ਚਕਨਾ ਚੂਰ ਹੋ ਗਿਉਂ
ਦਾਤਾ ਹੋ ਕੇ ਅੱਜ ਤੂੰ ਸਿੱਖਾ ਮੰਗਣ ਤੇ ਮਜ਼ਬੂਰ ਹੋ ਗਿਉਂ

ਤੂੰ ਮਨਸੂਬੇ ਲੱਖ ਬਣਾਏ ਸਿਰੇ ਭਰਾਵਾ ਚੜ੍ਹੇ ਕਿੰਨੇ ਐ?
ਕੌਮ ਧੜਾ ਧੜ ਡੇਗੀ ਜਾਨੈ ਸੱਚ ਬੋਲ ਤੇਰੇ ਧੜੇ ਕਿੰਨੇ ਐ?

ਪੜ੍ਹਿਆ ਲਿਖਿਆ ਹੋ ਕੇ ਸਿੱਖਾ ਨਹੀਂ ਇਤਿਹਾਸ ਦਾ ਪਤਰਾ ਪੜ੍ਹਿਆ
ਭੱਠ ਵਿਚ ਪਿਆ ਦਲੀਪ ਸਿੰਘ ਸੀ ਲਛਮਨ ਜੰਡ ਨਾ ਬੱਝ ਕੇ ਸੜਿਆ
ਮਤੀ ਦਾਸ ਆਰੇ 'ਨਾ ਚਿਰਿਆ ਭਾਈ ਦਿਆਲਾ ਦੇਗ 'ਚ ਕੜ੍ਹਿਆ
ਸੀਸ ਲਹਿ ਗਿਆ ਧੜ ਹੀ ਕੱਲਾ ਦੀਪ ਸਿੰਘ ਦਾ ਰਣ ਵਿਚ ਲੜਿਆ

ਕਿੰਨਾ ਖ਼ੂਨ ਸ਼ਹੀਦਾਂ ਦਿਤਾ ਸਭ ਕੁਝ ਸਿੱਖਾ ਭੁਲ ਗਿਆ ਏਂ
ਕਲਗੀਧਰ ਦਾ ਹੀਰਾ ਹੋ ਕੇ ਕਿਉਂ ਮਿੱਟੀ ਵਿਚ ਰੁੱਲ ਗਿਆ ਏਂ

ਹਰਿ ਮੰਦਰ ਢੈਅ ਢੇਰੀ ਹੋਇਆ ਕਰੜੀ ਹੈ ਸੱਟ ਨਰਮ ਨਹੀਂ ਹੈ
ਗਰਮ ਪਈ ਪਰਕਰਮਾ ਹੁਣ ਤੱਕ ਤੇਰਾ ਸੀਨਾ ਗਰਮ ਨਹੀਂ ਹੈ
ਅਕਾਲ ਤਖ਼ਤ ਦਾ ਹੁਕਮ ਨੀ ਮੰਨਿਆ ਇਹਦੇ ਵਿਚ ਕੁਝ ਭਰਮ ਨਹੀਂ ਹੈ
ਨਿਤ ਨਵਾਂ ਦਲ ਖੜਾ ਕਰੇਨੈ ਕੀ ਇਹ ਖੋਟਾ ਕਰਮ ਨਹੀਂ ਹੈ?

ਜੇ ਤੂੰ ਸਫ਼ਰੀ ਹਿੰਮਤ ਕਰਕੇ ਕੌਮ ਚੋਂ ਫੁੱਟ ਗੁਆ ਨਹੀਂ ਸਕਦਾ
ਕਲਗੀਧਰ ਦਾ ਫਿਰ ਤੂੰ ਸਿੰਘਾ ਹਰਗਿਜ਼ ਸਿੱਖ ਕਹਾ ਨੀਂ ਸਕਦਾ

26. ਡਿੱਗਾ ਕੌਮ ਦਾ ਉੱਚਾ ਵਕਾਰ ਕਰ ਦੇ

ਦਾਤਾ! ਤੇਰੇ ਹਰਿਮੰਦਰ ਨੂੰ ਕਈ ਪਾਪੀ ਸਮੇਂ ਸਮੇਂ ਸਿਰ ਰਹੇ ਮਸਮਾਰ ਕਰਦੇ
ਲੇਖੇ ਸਿੰਘ ਵੀ ਨਕਦ ਚੁਕਾਉਂਦੇ ਰਹੇ ਕੌਡੀ ਭਰ ਨੀਂ ਦੇਖੇ ਉਧਾਰ ਕਰਦੇ
ਇੱਟ ਚੁੱਕਦੇ ਨੂੰ ਪੱਥਰ ਚੁੱਕਦੇ ਪਰ ਸਿੰਘ ਪਹਿਲਾਂ ਨੀਂ ਕਿਸੇ ਤੇ ਵਾਰ ਕਰਦੇ
ਸਿੰਘ ਸਰ ਫਰੋਸ਼ ਨੇ ਧਰਮ ਖ਼ਾਤਿਰ ਸੀਸ ਦੇਣ ਤੋਂ ਨਹੀਂ ਇਨਕਾਰ ਕਰਦੇ
ਰਾਮ ਦਾਸ ਸਤਿਗੁਰ ਸੋਢੀ ਪਾਤਸ਼ਾਹਾ ਸਾਡਾ ਮਸਲਾ ਗੁੰਝਲਦਾਰ ਹੱਲ ਕਰ ਦੇ
ਕੌਮ ਵਿਚ ਲਿਆ ਕੇ ਏਕਤਾ ਨੂੰ ਡਿੱਗਾ ਕੌਮ ਦਾ ਉੱਚਾ ਵਕਾਰ ਕਰ ਦੇ

ਗੁਰੂ ਨਾਨਕ ਦੀ ਗੱਦੀ ਦਾ ਕਰਮ ਦੇਖੋ ਪੂੜੇ ਛੱਡ ਕੇ ਕੋਧਰਾ ਖਾ ਰਹੀ ਹੈ
ਸੋਢੀ ਪਾਤਸ਼ਾਹਾ ਤੇਰੀ ਰੌਸ਼ਨੀ ਹੈ ਜਿਹਦੇ ਨਾਲ ਦੁਨੀਆਂ ਰੌਸ਼ਨਾ ਰਹੀ ਹੈ
ਦਾਤਾ ਤੇਰੀ ਪਰਕਰਮਾ ਦੇ ਪੱਥਰਾਂ ਨੂੰ ਬੁੱਢੀ ਮਾਂ ਇੱਕ ਚੁੰਮਦੀ ਜਾ ਰਹੀ ਹੈ
ਡੁਲ੍ਹੇ ਪੁੱਤਰ ਦੇ ਲਹੂ ਦੀ ਮਹਿਕ ਉਹਨੂੰ ਤੇਰੇ ਪੱਥਰਾਂ ਵਿਚੋਂ ਵੀ ਆ ਰਹੀ ਹੈ
ਦਾਤਾ! ਸਿੰਘ ਹਰਿਮੰਦਰ ਦੀ ਸ਼ਾਨ ਉੱਤੇ ਰਹੇ ਅਜ਼ਲ ਤੋਂ ਜਾਨਾਂ ਨਿਸਾਰ ਕਰਦੇ
ਦੀਪ ਸਿੰਘ ਦੀ ਰੂਹ ਪੁਕਾਰ ਰਹੀ ਹੈ ਡਿੱਗਾ ਕੌਮ ਦਾ ਉੱਚਾ ਵਕਾਰ ਕਰ ਦੇ

ਤੇਰੇ ਸੁੰਦਰ ਸਰੋਵਰ 'ਚ ਨ੍ਹਾ ਕੇ ਤੇ ਕਾਲੇ ਕਾਂ ਵੀ ਹੰਸਾਂ ਸਮਾਨ ਹੋ ਗਏ
ਸਭੇ ਅੰਗ ਸਬੂਤੇ ਹੀ ਬਖ਼ਸ਼ ਦਿੱਤੇ ਸਤਿਗੁਰ ਪਿੰਗਲੇ ਤੇ ਮਿਹਰਬਾਨ ਹੋ ਗਏ
ਹਿੰਦੂ, ਸਿੱਖ, ਈਸਾਈ ਤੇ ਵੀਰ ਮੋਮਨ ਵੱਖੋ-ਵੱਖਰੇ ਸੀ ਇੱਕ ਜਾਨ ਹੋ ਗਏ
ਏਥੇ ਕਈ ਭਗਵਾਨ ਭਗਵਾਨ ਜਪਦੇ ਤੇਰੇ ਟਹਿਲੂਏ ਆਪ ਭਗਵਾਨ ਹੋ ਗਏ
ਲੈਣਾ ਹੈ ਤਾਂ ਸੀਸ ਬੇਸ਼ੱਕ ਲੈ ਲੈ ਹਲਕਾ ਕੌਮ ਦੇ ਸੀਸ ਦਾ ਭਾਰ ਕਰਦੇ
ਤੇਰਾ ਕੱਖ ਨੀਂ ਵਿਗੜਦਾ ਪਾਤਸ਼ਾਹਾ ! ਡਿੱਗਾ ਕੌਮ ਦਾ ਉੱਚਾ ਵਕਾਰ ਕਰ ਦੇ

ਸਭ ਤੋਂ ਪਹਿਲਾਂ ਇਤਿਹਾਸ ਦੇ ਪੰਨਿਆਂ ਨੇ ਸਿਰਲੱਥ ਸਰਦਾਰਾਂ ਦਾ ਜ਼ਿਕਰ ਕੀਤਾ
ਅਸੀਂ ਸਦਾ ਖ਼ਿਜ਼ਾਵਾਂ 'ਚ ਮੌਲਦੇ ਹਾਂ ਕਦੇ ਨਹੀਂ ਬਹਾਰਾਂ ਦਾ ਜ਼ਿਕਰ ਕੀਤਾ
ਮੈਂ ਤਾਂ ਸਦਾ ਸ਼ਹੀਦਾਂ ਦੇ ਗੀਤ ਗਾਉਨਾ ਕਦੇ ਨਹੀਂ ਗ਼ੱਦਾਰਾਂ ਦਾ ਜ਼ਿਕਰ ਕੀਤਾ
ਅਸੀਂ ਕਦੇ ਨੀ ਜ਼ੁਲਫਾਂ ਦਾ ਜ਼ਿਕਰ ਕੀਤਾ ਜਦ ਵੀ ਕੀਤਾ ਤਲਵਾਰਾਂ ਦਾ ਜ਼ਿਕਰ ਕੀਤਾ
ਬੇੜੀ ਕੌਮ ਦੀ ਡਗਮਗਾ ਰਹੀ ਹੈ ਦਾਤਾ ਡੂੰਘੇ ਸਮੁੰਦਰੋਂ ਪਾਰ ਕਰ ਦੇ
ਤੇਰੀ ਕੌਮ ਦੀ ਹੋਵੇਗੀ ਸ਼ਾਨ ਉੱਚੀ ਡਿੱਗਾ ਕੌਮ ਦਾ ਉੱਚਾ ਵਕਾਰ ਕਰ ਦੇ

ਸੱਭੇ ਹਿੰਦੋਸਤਾਨ ਦੇ ਤੀਰਥਾਂ ਚੋਂ ਅੰਮ੍ਰਿਤਸਰ ਨੂੰ ਤੀਰਥ ਮਹਾਨ ਸਮਝੋ
ਹਰਿਮੰਦਰ ਹੈ ਜਿੰਦ ਮਾਨੁੱਖਤਾ ਦੀ ਇਹਨੂੰ ਖਾਲਸਾ ਪੰਥ ਦੀ ਸ਼ਾਨ ਸਮਝੋ
ਜਿਹੜਾ ਸੋਨਾ ਦੀਵਾਰਾਂ ਤੇ ਚਮਕਦਾ ਹੈ ਸਿੱਖ ਪੰਥ ਦੀ ਚਮਕਦੀ ਸ਼ਾਨ ਸਮਝੋ

ਜਿਹੜਾ ਕਵੀ ਸ਼ਹੀਦਾਂ ਦੇ ਗੀਤ ਲਿਖਦਾ ਓਸ ਕਵੀ ਨੂੰ ਰੱਬ ਸਮਾਨ ਸਮਝੇ
ਅਸੀਂ ਬੰਦੇ ਬਣਾਵਾਂਗੇ ਨਹੀਂ ਜਿਹੜੇ ਸਾਨੂੰ ਬੰਦਿਆਂ ਵਿਚ ਸ਼ੁਮਾਰ ਕਰਦੇ
ਤੇਰੇ ਚਰਨਾਂ ਤੇ ਸਫ਼ਰੀ ਹਮੇਸ਼ਾ ਡਿੱਗਾ, ਡਿੱਗਾ ਕੌਮ ਦਾ ਉੱਚਾ ਵਕਾਰ ਕਰ ਦੇ

27. ਸ੍ਰੀ ਗੁਰੂ ਨਾਨਕ

ਅੱਜ ਗੁਰ ਨਾਨਕ ਨੇ ਜਨਮ ਲਿਆ ਦਿਨ ਆਇਆ ਖੁਸ਼ੀ ਮਨਾਵਣ ਦਾ
ਉਸ ਕਿਹਾ ਮੇਰਾ ਇਕ ਮਕਸ਼ਦ ਹੈ ਇਸ ਦੁਨੀਆਂ ਦੇ ਵਿਚ ਆਵਣ ਦਾ
ਧਨਵਾਨਾ ਧੰਦਾ ਛੱਡ ਦੇ ਹੁਣ ਧਨ ਧੋਖੇ ਨਾਲ ਕਮਾਵਣ ਦਾ
ਲਾਲੋ ਨੂੰ ਮੌਕਾ ਦੇਣਾ ਏ ਢਿੱਡ ਭਰ ਕੇ ਰੋਟੀ ਖਾਵਣ ਦਾ

ਬਾਬਰ ਦਾ ਮੌਕਾ ਮੁੱਕ ਗਿਆ ਇਹ ਜੁਗ ਨਾਨਕ ਦਾ ਆਇਆ ਏ
ਹੁਣ ਸੱਚ ਦਾ ਸਿੱਕਾ ਚੱਲੇਗਾ ਹੋ ਕੂੜ ਦਾ ਗਿਆ ਸਫਾਇਆ ਏ

ਇਹ ਪੁਰਬ ਸ੍ਰੀ ਗੁਰੂ ਨਾਨਕ ਦਾ ਪੁਰਬਾਂ ਚੋਂ ਪੁਰਬ ਨਿਆਰਾ ਏ
ਜਿਨ ਜਗਤ ਜਲੰਦਾ ਰੱਖ ਲਿਆ ਉਹ ਨਾਨਕ ਗੁਰੂ ਪਿਆਰਾ ਏ
ਕਾਲੂ ਦਾ ਰਾਜ ਦੁਲਾਰਾ ਏ ਤ੍ਰਿਪਤਾ ਦੀ ਅੱਖ ਦਾ ਤਾਰਾ ਏ
ਅੱਜ ਪਾਪਾਂ ਦੀ ਧੁੰਦ ਮਿਟ ਗਈ ਏ ਉਜਿਆਰਾ ਹੀ ਉਜਿਆਰਾ ਏ

ਵੈਸੇ ਤਾਂ ਸਾਰੇ ਭਾਰਤ ਤੇ ਰਿਸ਼ੀਆਂ ਦੇ ਹੱਥ ਦਾ ਸਾਇਆ ਏ
ਪਰ ਜਨਮ ਸ੍ਰੀ ਗੁਰੂ ਨਾਨਕ ਦਾ ਪੰਜਾਬ ਦੇ ਹਿੱਸੇ ਆਇਆ ਏ

ਇੱਕ ਜੱਟ ਨੇ ਆ ਕੇ ਕਾਲੂ ਜੀ ਨੂੰ ਨਵੀਂ ਹਕੀਕਤ ਦੱਸੀ ਏ
ਨਾਨਕ ਦੀ ਢਾਣੀ ਮੱਝਾਂ ਦੀ ਮੇਰੀ ਫਸਲ 'ਚ ਫਿਰਦੀ ਨੱਸੀ ਏ
ਤਦ ਰਾਏ ਬੁਲਾਰ ਕਿਹਾ ਜੱਟਾ !''ਤੇਰੀ ਕਿਸਮਤ ਖਿੜ ਖਿੜ ਹੱਸੀ ਏ
ਕਿਰਸਾਨਾ ਤੇਰੀਆਂ ਫਸਲਾਂ ਤੇ ਕੋਈ ਰੱਬ ਦੀ ਰਹਿਮਤ ਵੱਸੀ ਏ''

ਜੇ ਚਰਨ ਓਸ ਚਰਵਾਹੇ ਦੇ ਤੇਰੇ ਖੇਤਾਂ ਦੇ ਵਿਚ ਪੈ ਜਾਂਦੇ
ਅੰਬਰ ਤੋਂ ਆਣ ਫਰਿਸ਼ਤੇ ਵੀ ਤੇਰੀ ਫਸਲ ਦੀ ਰਾਖੀ ਬਹਿ ਜਾਂਦੇ !

ਐ ਨਾਨਕ ਤੇਰੀਆਂ ਮੱਝੀਆਂ ਨਹੀਂ ਬੰਦਿਆਂ ਨੇ ਖੇਤ ਉਜਾੜੇ ਨੇ
ਅੱਜ ਅਕਲਾਂ ਦੇ ਹੱਥ ਜੰਘੀ ਹੈ ਅੱਜ ਪੈਰ ਪੈਰ ਤੇ ਪਾੜੇ ਨੇ
ਮੋਮਨ ਦੇ ਦਿਲ ਵਿਚ ਕੀਨਾ ਹੈ ਪੰਡਿਤ ਦੇ ਦਿਲ ਵਿਚ ਸਾੜੇ ਨੇ
ਇਹ ਮੰਦਰ ਮਸਜਦ ਗਿਰਜਾ ਘਰ ਜੁੱਧਾਂ ਦੇ ਬਣੇ ਅਖਾੜੇ ਨੇ

ਰੱਬ ਦਾ ਪੁਜਾਰੀ ਇਹ ਬੰਦਾ ਕੀ ਬਣਤ ਬਣਾਉਂਦਾ ਫਿਰਦਾ ਹੈ
ਕੋਈ ਮਸਜਿਦ ਢਾਹੁੰਦਾ ਫਿਰਦਾ ਹੈ ਕੋਈ ਮੰਦਰ ਢਾਹੁੰਦਾ ਫਿਰਦਾ ਹੈ

ਮੈਂ ਦੋ ਘੁੱਟ ਪਾਣੀ ਪੀਣਾ ਏ ਮਰਦਾਨੇ ਕਿਹਾ ਕੰਧਾਰੀ ਨੂੰ
ਉਨ ਕੰਨਾਂ ਪਿਛੇ ਸੁੱਟ ਦਿੱਤਾ ਉਹਦੀ ਰੋ ਰੋ ਅਰਜ਼ ਗੁਜ਼ਾਰੀ ਨੂੰ
ਤਿੰਨ ਵਾਰੀ ਪਾਣੀ ਮੰਗਣ ਤੇ ਨਾ ਆਇਆ ਤਰਸ ਹੰਕਾਰੀ ਨੂੰ
ਕੁਝ ਬੋਲ ਕੁਬੋਲ ਵੀ ਕਹਿ ਬੈਠਾ ਮੇਰੇ ਗੁਰ ਨਾਨਕ ਨਿਰੰਕਾਰੀ ਨੂੰ

ਇੱਕ ਸੈਲ ਉਠਾਇਆ ਨਾਨਕ ਨੇ ਬੱਸ ਝਗੜਾ ਸਾਰਾ ਮੁੱਕ ਗਿਆ
ਨਾਨਕ ਦੇ ਚਸ਼ਮੇ ਵਗਦੇ ਰਹੇ ਕੰਧਾਰੀ ਦਾ ਖੂਹ ਸੁੱਕ ਗਿਆ

ਪੰਡਿਤ ਨੂੰ ਦੱਸਿਆ ਭਗਵਨ ਦੀ ਹੈ ਆਰਤੀ ਕਿਵੇਂ ਉਤਾਰੀ ਦੀ
ਮੋਮਨ ਨੂੰ ਦੱਸਿਆ ਸਹੀ ਸਹੀ ਹੈ ਕਿਵੇਂ ਨਮਾਜ਼ ਗੁਜ਼ਾਰੀ ਦੀ
ਸਿੱਧਾਂ ਨੂੰ ਸਿੱਧੇ ਕੀਤਾ ਉਨ ਰੂਹ ਬਦਲੀ ਵਲੀ ਕੰਧਾਰੀ ਦੀ
ਨਾਨਕ ਨੇ ਨਬਜ਼ ਪਛਾਣੀ ਹੈ ਇੱਕ ਦੀ ਨਹੀਂ ਦੁਨੀਆਂ ਸਾਰੀ ਦੀ

ਨਾਨਕ ਦੇ ਦੱਸਿਆਂ ਰਾਹਾਂ ਤੋਂ ਜੋ ਲੋਕ ਪਰੇਡੇ ਚਲੇ ਗਏ
ਮੰਜ਼ਲ ਨਹੀਂ ਲੱਭੀ ਉਹਨਾਂ ਨੂੰ ਬਸ ਖਾਂਦੇ ਠੇਡੇ ਚਲੇ ਗਏ

ਗੰਗਾ ਨੇ ਆਖਿਆ ਮੇਰਾ ਨਾਂ ਏਸੇ ਲਈ ਮਾਤਾ ਗੰਗਾ ਏ
ਮੈਂ ਮੂਹ ਤੇ ਕੋਰੀ ਕਹਿਨੀ ਆਂ ਮੈਨੂੰ ਕਿਸ ਗੱਲ ਦੀ ਸੰਗਾ ਏ
ਜੋ ਪੀਂਦਾ ਲਹੂ ਗਰੀਬਾਂ ਦਾ ਜਿਹਦਾ ਅੰਗ ਅੰਗ ਰੱਤ ਰੰਗਾ ਏ
ਉਸ ਦਿਲ ਦੇ ਬੁਰੇ ਬ੍ਰਾਹਮਣ ਤੋਂ ਚਮਿਆਰ ਦਾ ਚਿਹਰਾ ਚੰਗਾ ਏ

ਕੋਈ ਬੰਦਾ ਛੋਟਾ ਵੱਡਾ ਨਹੀਂ ਉਸ ਦਾਤੇ ਦੀ ਵਡਿਆਈ ਏ
ਇਹ ਜ਼ਾਤ ਪਾਤ ਦੀ ਬਣਤਰ ਤਾਂ ਬੰਦੇ ਨੇ ਆਪ ਬਣਾਈ ਏ

ਆਉਂਦਾ ਨਹੀਂ ਮਿਰੇ ਖਿਆਲਾਂ ਵਿਚ ਕੈਸਾ ਇਨਸਾਨ ਅਜੋਕਾ ਏ
ਕੀ ਪੈਰ ਕਿਸੇ ਦੇ ਫੜਨੇ ਐ ਅੱਜ ਪੈਰ ਪੈਰ ਤੇ ਧੋਖਾ ਏ
ਸਿਰ ਨਿਉਂਦਾ ਏ, ਦਿਲ ਨਿਉਂਦਾ ਨਹੀਂ ਇਹ ਪਿਆਰ ਭਗਤ ਜੀ ਫੋਕਾ ਏ
ਜ਼ਖਮਾਂ ਤੇ ਲੂਣ ਬਰੂਰਨ ਲਈ ਮਲ੍ਹਮਾਂ ਦਾ ਮਿਲਦਾ ਹੋਕਾ ਏ

ਜਦੋਂ ਧਰਮ ਕਰਮ ਦੀ ਬਾਤ ਨਹੀਂ ਤਦ ਨਰਕ ਸੁਰਗ ਦੀ ਸੈਂਸਾ ਕੀ
ਜਦ ਗਲੇ ਕੱਟਣ ਤੇ ਹੋ ਗਏਆਂ ਫਿਰ ਬਕਰੀ ਕੀ ਤੇ ਭੈਂਸਾ ਕੀ

ਦੁਨੀਆਂ ਦੇ ਲੋਕੋ ਨੇਕ ਬਣੋ ਕਿਉਂ ਬਦੀਆਂ ਵਲ ਨੂੰ ਭਾਉਂਦੇ ਓ
ਦੁਸ਼ਮਨ ਤੋਂ ਮਾੜੇ ਸੱਜਣ ਨੂੰ ਕਿਉਂ ਮੁੜ ਮੁੜ ਗਲ ਨਾ ਲਾਉਂਦੇ ਓ
ਕਿਉਂ ਸਰਦ ਕੜਾਹਾ ਕੌਡੇ ਦਾ ਤੁਸੀਂ ਦੋਹਰੀ ਵਾਰ ਤਪਾਉਂਦੇ ਓ
ਗੰਗਾ ਵਿਚ ਨ੍ਹਾਵਣ ਵਾਲੜਿਓ ਕਿਉਂ ਲਹੂਆਂ ਦੇ ਵਿਚ ਨ੍ਹਾਉਂਦੇ ਹੋ

ਕਲਜੁਗ ਦਾ ਰੋੜ੍ਹ ਸਾਗਰ ਹੈ ਸਫ਼ਰੀ ਨੂੰ ਕੌਣ ਬਚਾਵੇਗਾ
ਇੱਕ ਗੁਰ "ਨਾਨਕ" ਹੀ ਦੁਨੀਆਂ ਦੇ ਬੇੜੇ ਨੂੰ ਬੰਨੇ ਲਾਵੇਗਾ

28. ਸਤਿਗੁਰ ਮਹਿਮਾ

ਨਿਰੰਕਾਰ ਦਾ ਰੂਪ ਸਤਿਗੁਰੂ ਨਾਨਕ ਦੇਵ ਪਿਆਰੇ
ਕਲੂ ਕਾਲ ਵਿਚ ਆ ਕੇ ਜਿਹਨਾਂ ਲੱਖਾਂ ਬੇੜੇ ਤਾਰੇ

ਅੰਗਦ ਦੇਵ ਪਿਆਰੇ ਜਿਸ ਨੂੰ ਅੰਗ ਨਾਲ ਚੁੱਕ ਲਾਇਆ
ਕਾਇਆ ਕੰਚਨ ਵਰਗੀ ਹੋ ਗਈ ਚੜ੍ਹਿਆ ਰੂਪ ਸਵਾਇਆ

ਅਮਰ ਦਾਸ ਦੀ ਅਮਰ ਕਹਾਣੀ ਜਿਸ ਨੇ ਸੁਣੀ ਸੁਣਾਈ
ਚੌਂਹ ਜੁਗਾਂ ਤੱਕ ਅਮਰ ਹੋ ਗਿਆ ਜੀਵ ਸੁਭਾਗਾ ਭਾਈ

ਰਾਮ ਦਾਸ ਦੇ ਹਰੀ ਮੰਦਰ ਦੇ ਜਿਸ ਵੀ ਦਰਸ਼ਨ ਪਾਏ
ਜਨਮ ਜਨਮ ਦੇ ਓਸ ਜੀਵ ਨੇ ਸੱਭੇ ਖੋਟ ਗੁਆਏ

ਪੰਚਮ ਗੁਰੂ ਪਿਆਰੇ ਅਰਜਨ ਪਰ ਉਪਕਾਰ ਕਮਾਇਆ
ਜਗਤ ਜਲੰਦਾ ਰੱਖਣ ਲਈ ਉਨ ਲੋਹ ਤੇ ਆਸਣ ਲਾਇਆ

ਮੀਰੀ ਪੀਰੀ ਵਾਲੇ ਸਤਿਗੁਰ ਹਰਗੋਬਿੰਦ ਪਿਆਰੇ
ਧਰਮ ਯੁੱਧ ਵਿਚ ਤੇਗ਼ ਉਠਾ ਕੇ ਚੁਣ ਚੁਣ ਸ਼ਤਰੂ ਮਾਰੇ

ਗੁਰ ਨਾਨਕ ਦੀ ਜੋਤ ਨਿਆਰੀ ਪੂਜਨੀਕ ਹਰ ਰਾਏ
ਕੀਰਤ ਪੁਰ ਦੀ ਆ ਧਰਤੀ ਨੂੰ ਭਾਗ ਜਿਨ੍ਹਾਂ ਨੇ ਲਾਏ

ਅਠ੍ਵੀਂ ਜੋਤ ਗੁਰੂ ਹਰਕ੍ਰਿਸ਼ਨ ਜੱਗ ਤੇ ਜੋਤ ਨਿਆਰੀ
ਪੰਜ ਸਾਲ ਦੀ ਆਯੂ ਦੇ ਵਿਚ ਬੋਝਾ ਚੁੱਕਿਆ ਭਾਰੀ

ਨਾਵੇਂ ਸਤਿਗੁਰ ਤੇਗ਼ ਬਹਾਦਰ ਦਿੱਲੀ ਸੀਸ ਕਟਾਇਆ
ਆਪਣੇ ਸਿਰ ਤੇ ਕਸ਼ਟ ਝੱਲ ਕੇ ਭਾਰਤ ਵਰਸ਼ ਬਚਾਇਆ

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਤੇਰਾ ਕੋਈ ਨਾ ਸਾਨੀ
ਪੰਥ ਲਈ ਤੂੰ ਕੀਤੀ ਦਾਤਾ ਬਹੁਤ ਬੜੀ ਕੁਰਬਾਨੀ

ਗਿਆਰਵਾਂ ਗੁਰੂ ਗ੍ਰੰਥ ਸਾਹਿਬ ਹੈ, ਜੱਗ ਤੇ ਰੂਪ ਨਿਆਰਾ
ਕਲੂ ਕਾਲ ਵਿਚ ਇਹ ਹੈ ਸਾਡਾ ਇੱਕੋ ਇੱਕ ਸਹਾਰਾ

----

29. ਸਰ ਪਰ ਪੁੱਜਣਾ ਪੰਥ ਨੇ ਆਖ਼ਿਰ ਨਨਕਾਣੇ

ਉਹ ਜਾਣੇ ਦੁਨੀਆਂ ਜਿਸ ਤਰ੍ਹਾਂ ਵੀ ਮਰਜ਼ੀ ਜਾਣੇ
ਸਿੰਘਾਂ ਲੈਣੋਂ ਛੱਡਣੇ ਨੀ ਵੈਰ ਪੁਰਾਣੇ
ਜਿਹੜਾ ਸਾਡੀ ਵਲ ਨੂੰ ਜਾਣ ਕੇ ਹੁਣ ਲੱਤਾਂ ਤਾਣੇ
ਉਹ ਕੱਫਨ ਪਹਿਲਾਂ ਆਪਣਾ ਰੱਖ ਲਵੇ ਸਰ੍ਹਾਣੇ
ਅਸੀਂ ਦਰੜ ਦਿਆਂਗੇ ਜਿਸ ਤਰ੍ਹਾਂ ਦਰੜੀਦੇ ਦਾਣੇ
ਸਰ ਪਰ ਪੁੱਜਣਾ ਪੰਥ ਨੇ ਆਖਿਰ ਨਨਕਾਣੇ

ਦੇਖੇ ਕੋਈ ਸਿੰਘਾਂ ਵਲ ਅੱਖ ਉਘੇੜ ਕੇ ਦੇਖੇ
ਕਿਸਮਤ ਦੀਆਂ ਟਿੰਡਾਂ ਪੁਠੀਆਂ ਕੋਈ ਗੇੜ ਕੇ ਦੇਖੇ
ਕੋਈ ਮੱਥਾ ਨਾਲ ਅਸਾਡੜੇ ਤਾਂ ਭੇੜ ਕੇ ਦੇਖੇ
ਅਸੀਂ ਰਣ ਵਿਚ ਸੁੱਤੇ ਸ਼ੇਰ ਹਾਂ ਕੋਈ ਛੇੜ ਕੇ ਦੇਖੇ
ਸਾਥੋਂ ਦੁਮ ਦਬਾ ਕੇ ਨੱਸ ਗਏ ਸੱਭ ਦੁੰਬੇ ਖਾਣੇ
ਸਰ ਪਰ ਪੁੱਜਣਾ ਪੰਥ ਨੇ ਆਖਿਰ ਨਨਕਾਣੇ

ਕੋਈ ਸਿੰਘਾਂ ਦੀਆਂ ਕੁਰਬਾਨੀਆਂ ਸੰਸਾਰ ਨੂੰ ਪੁਛੇ
ਕਾਬਲ ਨੂੰ ਪੁੱਛੇ ਧਾਂਕ ਕਈ ਕੰਧਾਰ ਨੂੰ ਪੁੱਛੇ
ਕੋਈ ਖੂਬਸੂਰਤੀ ਯਾਰ ਦੀ ਪਿਆ ਯਾਰ ਨੂੰ ਪੁੱਛੇ
ਪਰ ਸਿੰਘ ਸਹਪਣ ਮੌਤ ਦਾ ਤਲਵਾਰ ਨੂੰ ਪੁੱਛੇ
ਸਿੰਘ ਖਾ ਜਾਂਦੇ ਨੇ ਮੌਤ ਨੂੰ ਵੀ ਭੁੱਖੇ ਭਾਣੇ
ਸਰ ਪਰ ਪੁੱਜਣਾ ਪੰਥ ਨੇ ਆਖਿਰ ਨਨਕਾਣੇ

ਸਾਡੇ ਬੀਰ ਅਕਾਲੀ ਹੋਂਵਦੇ ਜਦ ਅੱਗ ਭਬੂਕੇ
ਇਹ ਲੈ ਜਾਂਦੇ ਨੇ ਮੌਤ ਨੂੰ ਵੀ ਨਾਲ ਧਰੂ ਕੇ
ਸਾਡੇ ਅਣਖੀ ਕੂਕੇ ਕਾਲ ਦੇ ਸਿਰ ਚੜ੍ਹਕੇ ਕੂਕੇ
ਇਹ ਰਣ ਵਿਚ ਸ਼ੂਕੇ ਜਿਸ ਤਰ੍ਹਾਂ ਕੋਈ ਫਨੀਅਰ ਸ਼ੂਕੇ
ਨਹੀਂ ਚੰਦਰਮਾ ਤੀਕ ਪੁੱਜਣੇ ਟੱਪ ਲੈਣ ਟਪਾਣੇ
ਸਰ ਪਰ ਪੁੱਜਣਾ ਪੰਥ ਨੇ ਆਖਿਰ ਨਨਕਾਣੇ

ਸਿੰਘ ਦੇਖੇ ਖਾਤਿਰ ਧਰਮ ਦੀ ਜੰਡਾਂ ਨਾਲ ਸੜਦੇ

ਸਿਰ ਆਰਾ ਫਿਰਦਾ ਫੇਰ ਵੀ ਗੁਰਬਾਣੀ ਪੜ੍ਹਦੇ
ਸਿਰ ਲਹਿ ਜਾਂਦਾ ਹੈ ਖਾਲਸੇ ਸਿਰ ਬਾਹਝੋਂ ਲੜਦੇ
ਸਿੰਘ ਅੰਮ੍ਰਿਤ ਪੀ ਕੇ ਦੁਸ਼ਮਣਾਂ ਨੂੰ ਉੱਡ ਕੇ ਫੜਦੇ
ਸਿੰਘ ਲਾ ਦੇਂਦੇ ਨੇ ਮੌਤ ਨੂੰ ਵੀ ਪਕੜ ਟਿਕਾਣੇ
ਸਰ ਪਰ ਪੁੱਜਣਾ ਪੰਥ ਨੇ ਆਖਿਰ ਨਨਕਾਣੇ

ਇਹ ਪੰਥ ਪਿਆਰਾ ਸਾਜਿਆ ਦਸ਼ਮੇਸ਼ ਪਿਆਰੇ
ਦਸ਼ਮੇਸ਼ ਪਿਤਾ ਦੇ ਜੱਗ ਤੇ ਨੇ ਖੇਡ ਨਿਆਰੇ
ਉਨ ਬੇੜੇ ਭਾਰਤ ਵਰਸ਼ ਦੇ ਡੁੱਬੇ ਹੋਏ ਤਾਰੇ
ਤੇ ਲਾਲ ਕੁਹਾ ਕੇ ਤੁਰ ਗਿਆ ਚਾਰੇ ਦੇ ਚਾਰੇ
ਤੇ ਗੁਜਰੀ ਮਾਂ ਨੇ ਮੰਨ ਲਏ ਸਤਿਗੁਰ ਦੇ ਭਾਣੇ
ਸਰ ਪਰ ਪੁੱਜਣਾ ਪੰਥ ਨੇ ਆਖਿਰ ਨਨਕਾਣੇ

ਹੁਣ ਆਵੋ ਸਿੰਘੋ ਪੰਥ ਦਾ ਰਥ ਅਗਾਂਹ ਵਧਾਈਏ
ਤੇ ਬਹੁਤੇ ਦਲਾਂ ਦਾ ਵੀਰਨੋ ਦਲ ਇੱਕ ਬਣਾਈਏ
ਏਕਾ ਕਰੀਏ ਕੌਮ ਦੇ ਹੁਣ ਫੁੱਟ ਮਿਟਾਈਏ
ਤਾਂ ਮਾਂ ਜੀਤਾਂ ਦੇ ਕਾਲਜੇ ਨੂੰ ਠੰਡ ਪਹੁੰਚਾਈਏ
ਜਿਹੜਾ ਹੁੰਦਾ ਇਕ ਨਹੀਂ ਉਹ ਮੌਜਾਂ ਮਾਣੇ
ਸਰ ਪਰ ਪੁੱਜਣਾ ਪੰਥ ਨੇ ਆਖਿਰ ਨਨਕਾਣੇ

ਉਠੋ ਪੰਥ ਦੇ ਪਹਿਰੇਦਾਰੋ! ਪੰਥ ਬਚਾਓ ਪੰਥ ਬਚਾਓ
ਸਿਰਲੱਥ ਸਿੰਘੋ ਸਰਦਾਰੋ! ਪੰਥ ਬਚਾਓ ਪੰਥ ਬਚਾਓ
ਦੁਖੀ ਕੌਮ ਵਲ ਝਾਤੀ ਮਾਰੋ ਪੰਥ ਬਚਾਓ ਪੰਥ ਬਚਾਓ
ਦੇਸ਼ ਕੌਮ ਦੇ ਸੇਵਾਦਾਰੋ! ਪੰਥ ਬਚਾਓ ਪੰਥ ਬਚਾਓ
ਗੁਰੂ ਪੰਥ ਦੀ ਇਜ਼ਤ ਜੇਕਰ 'ਸ਼ਫ਼ਰੀ' ਤੁਸੀ ਬਚਾ ਨੀ ਸਕਦੇ
ਹਰਗੋਬਿੰਦ ਗੁਰੂ ਦੇ ਸੇਵਕ ਹਰਗਿਜ਼ ਤੁਸੀਂ ਕਹਾ ਨੀ ਸਕਦੇ ।

---

30. ਬੱਕਰੀ ਤੇ ਕੁੱਤੀ (ਕੁਰਬਾਨੀ)

ਪਿੰਡੋਂ ਬਾਹਰ ਦੁਪਹਿਰ ਨੂੰ ਇੱਕ ਛੱਪੜ ਨੇੜੇ।
ਡ਼ੱਗ ਕੁੱਤੇ ਦਸ ਪੰਦਰਾਂ ਸਨ ਕੱਢਦੇ ਗੇੜੇ।
ਚਿੱਕੜ ਵਿਚ ਸਨ ਉਨ੍ਹਾਂ ਨੇ ਸਿਰ ਮੂੰਹ ਲਬੇੜੇ।
ਉਹ ਤੱਕਣ ਵੱਟ ਕੇ ਘੂਰੀਆਂ ਕੋਈ ਵਿਰਲਾ ਛੇੜੇ।

ਏਨੇ ਨੂੰ ਇੱਕ ਬੱਕਰੀਆਂ ਦੀ ਲੰਘੀ ਢਾਣੀ।
ਇੱਕ ਲੇਲਾ ਪਿਛੇ ਰਹਿ ਗਿਆ ਜਿਹਦੀ ਉਮਰ ਨਿਆਣੀ।
ਛੱਪੜ ਕੰਢੇ ਪੀਣ ਲਈ ਉਹ ਆਇਆ ਪਾਣੀ।
ਕਿਥੋਂ ਗੁੱਝੀ ਜ਼ਾਤ ਰਹੇ ਇਹ ਔਤਰ ਜਾਣੀ।

ਉਸ਼ ਲੇਲੇ ਦੇ ਹੋ ਗਈ ਏ ਸੱਭ ਸੱਜੇ ਖੱਬੇ।
ਚਿੱਟੇ ਕਾਲੇ ਭੂਸਲੇ ਤੇ ਡੱਬ ਖੜੱਬੇ।
ਧੌਣ ਮਰੋੜੇ ਕੋਈ, ਕੋਈ ਪਿਆ ਪੂਛਲ ਚੱਬੇ।
ਝਈਆਂ ਲੈ ਲੈ ਪੈਣ ਸੁਭਾਅ ਦੇ ਅਸਲੋਂ ਕੱਬੇ।

ਇੱਕ ਤੋਂ ਜੇ ਕਰ ਨੱਸ ਕੇ ਉਹ ਜਾਨ ਛੁਡਾਵੇ।
ਦੂਜਾ ਕੁੱਤਾ ਧੌਣ ਵਿਚ ਆ ਦੰਦ ਖੁਭਾਵੇ।
ਮੈਂ ਮੈਂ ਕਰੇ ਮਾਸੂਮ ਦੀ ਕੋਈ ਪੇਸ਼ ਨਾ ਜਾਵੇ।
ਰੱਬ ਕਿਸੇ ਨੂੰ ਡਾਢਿਆਂ ਦੇ ਵੱਸ ਨਾ ਪਾਵੇ।

ਬੇ-ਵਕਤਾ ਜਦ ਕੁੱਤਿਆਂ ਨੇ ਸ਼ੋਰ ਮਚਾਇਆ।
ਫਜ਼ਲਾ ਰਾਈਂ ਢੀਂਗਲੀ ਛੱਡ ਦੌੜਾ ਆਇਆ।
ਜਦ ਉਸ ਡਿੱਠਾ ਕੁੱਤਿਆਂ ਨੇ ਲੇਲਾ ਢਾਇਆ।
ਨੱਸ ਕੇ ਛਾਪਾ ਬਾੜ ਦਾ ਇੱਕ ਪੁੱਟ ਲਿਆਇਆ।

ਜਾਂ ਡੱਬੂ ਦੇ ਆਣ ਕੇ ਇੱਕ ਲੱਕ 'ਚ ਜੜਿਆ।
ਦੁੰਮ ਦਬਾ ਕੇ ਨੱਸ ਗਏ ਸਭ ਕੋਈ ਨਾ ਖੜਿਆ।
ਤਾਂ ਲੇਲੇ ਨੇ ਰੱਬ ਦਾ ਸ਼ੁਕਰਾਨਾ ਪੜ੍ਹਿਆ।
ਡਿੱਗਦਾ ਢਹਿੰਦਾ ਜਾ ਕੇ ਵਿੱਚ ਬਾੜੇ ਵੜਿਆ।

ਹਾਲ ਬੱਚੇ ਦਾ ਤੱਕ ਕੇ ਮਾਂ ਬੇਕਲ ਹੋਈ।
ਮੂੰਹ ਨੂੰ ਆਇਆ ਕਾਲਜਾ ਰੱਤ ਨੈਣੀਂ ਚੋਈ।
ਦੇਣ ਉਲ੍ਹਾਮਾ ਕੁੱਤਿਆਂ ਦੀ ਮਾਂ ਨੂੰ ਮੋਈ।
ਜਿਗਰਾ ਕਰਕੇ ਸ਼ੇਰਨੀ ਦਾ ਉਠ ਖਲੋਈ।

ਲੱਭਦੀ ਲੱਭਦੀ ਬੱਕਰੀ ਉਸ ਥਾਂ ਤੇ ਆਈ।
ਜਿਸ ਘੁਰਨੇ ਸੀ ਕੁੱਤਿਆਂ ਦੀ ਬੈਠੀ ਮਾਈ।
ਜਾਂ ਕੁੱਤੀ ਨੇ ਬੱਕਰੀ ਵਲ ਨਿਗ੍ਹਾ ਉਠਾਈ।
ਘੂਰਮ ਘੂਰੀ ਲਗ ਪਈ ਵਾਹ ਹੋਣ ਲੜਾਈ।

ਪਹਿਲਾਂ ਬੋਲੀ ਬੱਕਰੀ "ਸੁਣ ਖਾਂ ਨੀ ਭੈਣੇ।
ਮੇਰੇ ਲਾਲ ਕੀ ਚੁੱਕ ਲਏ ਸ਼ੀ ਤੇਰੇ ਗਹਿਣੇ।
ਟੁਕੜੇ ਏਸ ਪਿੰਡ ਦੇ ਹੀ ਖਾ ਕੇ ਭੈਣੇ।
ਪੁੱਤਰ ਤੇਰੇ ਫਿੱਟ ਗਏ ਨੇ ਫੜਕੀ ਪੈਣੇ।"

"ਬੋਲ ਕਰਾਰੇ ਬੱਕਰੀ ਦੇ ਸੁਣ ਕੇ ਕੁੱਤੀ।
ਜਾਗ ਪਈ ਸੀ ਗਾਫ਼ਲੀ ਦੀ ਨੀਂਦੇ ਸੁੱਤੀ।"
"ਬੋਲੀ ਤੇਰੇ ਹਿਰਖ ਨੂੰ ਮੇਰੀ ਜਾਣੇ ਜੁੱਤੀ।
ਸਬਰਾਂ ਸੁਣੇ ਨਾ ਤੇਰੀਆਂ ਇਹ ਮਾਂ ਸੱਤ ਪੁੱਤੀ।"

"ਉੱਤਰ ਕੁੱਤੀ ਮਾਂ ਦਾ ਸੁਣ ਬੱਕਰੀ ਬੋਲੀ।
ਆਪਣੀ ਵਾਰੀ ਵੇਖ ਨਾ ! ਵਿਸ ਕਿਕਣ ਘੋਲੀ।
ਮਰ ਜਾਣ ਮੇਰੇ ਮਾਸੂਮ ਦੀ ਰੱਤ ਜਿਨ੍ਹਾਂ ਡੋਲ੍ਹੀ।
ਹਾਏ ਹਾਏ ! ਧਾੜਾਂ ਟੁੱਟ ਪਈ ਟੋਲੀ ਦੀ ਟੋਲੀ।"

"ਕੁੱਤੀ ਬੋਲੀ ਬੱਕਰੀ ਨੂੰ ਨੱਕ ਚੜ੍ਹਾ ਕੇ।
ਮੂੰਹ ਵਿਚ ਰੱਖ ਜ਼ਬਾਨ ਨੂੰ ਕੁਝ ਕਾਬੂ ਪਾ ਕੇ।
ਪੈਦਾ ਕਰਦੀ ਸੂਰਮੇ ਮੈਂ ਪੁੱਤ ਲੜਾ ਕੇ।
ਲੁੱਟਾਂ ਪਾਉਣ ਦੁਪਹਿਰ ਨੂੰ ਵੀ ਮਾਰਨ ਡਾਕੇ।"

"ਬੱਕਰੀ ਬੋਲੀ ਜਾਣਦੀ ਹਾਂ ਇਨ੍ਹਾਂ ਦੇ ਡਾਕੇ।
ਇਹ ਖੋਹ ਲੈਂਦੇ ਟੁੱਕ ਬੱਚਿਆਂ ਤੋਂ ਅੱਖ ਚੁਰਾ ਕੇ।
ਲੜਦੇ ਨਾਲ ਭਰਾ ਦੇ ਹਨ ਛਾਤੀ ਡਾਹ ਕੇ।
ਤੇ ਡੰਡਾ ਦੇਖ ਕੇ ਨੱਸਦੇ ਹਨ ਦੁੰਮ ਦੱਬਾ ਕੇ।"

''ਕੁੱਤੀ ਕਹਿੰਦੀ ''ਪੁੱਤ ਨਹੀਂ ਮੇਰੇ ਮਰਦ ਕਹਾਉਂਦੇ ।
ਡੰਡਾ ਦੇਖ ਕੇ ਨਸਦੇ ਹਨ ਜਾਨ ਬਚਾਉਂਦੇ ।
ਤੇਰੇ ਪੁੱਤ ਖਲੋ ਕੇ ਦੱਸ ਕੀ ਫਲ ਪਾਉਂਦੇ ?
ਨੀ ਛੁਰੀਆਂ ਥੱਲੇ ਆਣ ਕੇ ਨਿੱਤ ਸੀਸ ਕਟਾਉਂਦੇ ।''

ਰੋਹ ਵਿਚ ਆ ਕੇ ਬੱਕਰੀ ਨੇ ''ਕਿਹਾ ਬੇਦਰੰਦੇ !
ਇਹੋ ਤੈਥੋਂ ਮੌਤ ਦੇ ਹਨ ਮਿਹਣੇ ਸਰਦੇ।
ਘੜੀ ਕੁ ਆਪਣੇ ਮੂੰਹ ਦਾ ਬੰਦ ਬੂਹਾ ਕਰਦੇ ।
ਸੁਣ ਲੈ ਮੇਰੇ ਬੱਚੜੇ ਕਿਸ ਖ਼ਾਤਿਰ ਮਰਦੇ ।

ਆਉਂਦੀ ਮੇਰੇ ਬੱਚਿਆਂ ਤੇ ਜਦੋਂ ਜੁਆਨੀ ।
ਮਨ ਵਿੱਚ ਆਪਣੇ ਸਮਝਦੇ ਇਹ ਦੁਨੀਆਂ ਫਾਨੀ ।
ਦਿੰਦੇ ਆਪਣੇ ਲਹੂ ਦੀ ਇਸ ਲਈ ਕੁਰਬਾਨੀ ।
ਕਿ ਬਿਨ ਰੰਗੋਂ ਨਾ ਬੀਤ ਜਾਏ ਕਿਤੇ ਈਦ ਬੇਗਾਨੀ ।

ਲੱਖ ਤਸੀਹੇ ਜਾਨ ਤੇ ਪੁੱਤ ਮੇਰੇ ਜਰਦੇ।
ਕਰਦੇ ਕਈ ਹਲਾਲ, ਕਈ ਕਈ ਝਟਕਾ ਕਰਦੇ ।
ਬਿਨ ਆਈਉਂ ਬੇਸ਼ੱਕ ਨੇ ਨਿਤ ਲੱਖਾਂ ਮਰਦੇ ।
ਪਰ ਵੱਗਾਂ ਦੇ ਵੱਗ ਦੇਖ ਲਉ ਵਿੱਚ ਖੇਤੀ ਚਰਦੇ ।

ਕੁੱਤਿਆਂ ਦੇ ਵੀ ਵੱਗ ਨੇ ਕਿਤੇ ਨਜ਼ਰੀਂ ਆਉਂਦੇ ?
ਡਿੱਠੇ ਕਦੇ ਸ਼ਹੀਦੀਆਂ ਦਾ ਰੁਤਬਾ ਪਾਉਂਦੇ ?
ਕੀੜੇ ਪੈਂਦੇ ਮਗਜ਼ ਵਿੱਚ ਸਿਰ ਫਿਰਨ ਹਿਲਾਉਂਦੇ ।
ਖੂਹ ਖੱਤੇ ਵਿੱਚ ਡਿੱਗ ਕੇ ਉਹ ਜਾਨ ਗੁਆਉਂਦੇ ।

ਜਿਹੜੇ ਖ਼ਾਤਿਰ ਦੂਜਿਆਂ ਦੀ ਸੀਸ ਕਟਾਉਂਦੇ ।
ਵਧਦੇ ਫੁਲਦੇ ਜੱਗ ਤੇ ਉਹ ਨਜ਼ਰੀ ਆਉਂਦੇ ।
ਭਾਈਆਂ ਦੀ ਰੱਤ ਢਿੱਡ ਲਈ ਜੋ ਲੋਕੀ ਨ੍ਹਾਉਂਦੇ ।
ਕੌਮ ਧਰੋਈ ਅੰਤ ਨੂੰ ਗ਼ੱਦਾਰ ਕਹਾਉਂਦੇ ।

''ਗੱਲਾਂ ਸੁਣ ਕੇ ਕੋਰੀਆਂ ਕੁੱਤੀ ਸ਼ਰਮਾਈ ।
ਇੱਕ ਜਵਾਬ ਨਾ ਔੜਿਆ ਬਸ ਨੀਵੀਂ ਪਾਈ ।
ਸੁਲ੍ਹਾ ਦੀ ਝੰਡੀ ਫੇਰਨੇ ਲਈ ਪੂਛ ਹਿਲਾਈ ।
''ਸਫਰੀ'' ਮੁੜਿਆ ਘਰਾਂ ਨੂੰ ਮੁੱਕ ਗਈਲੜਾਈ ।''

1. ਲਾਲਾਂ ਨੂੰ ਦੀਵਾਰ ਪੁੱਛਦੀ

ਲਾਲਾਂ ਨੂੰ ਦੀਵਾਰ ਪੁੱਛਦੀ,
ਤੁਸੀਂ ਕਿਸ ਅੰਮੜੀ ਦੇ ਜਾਏ।

ਕਿੱਡਾ ਕੁ ਕਲੇਜਾ ਓਸ ਦਾ,
ਜਿਹਨਾਂ ਨੀਹਾਂ ਵਿੱਚ ਪੁੱਤ ਚਿਣਵਾਏ।

ਦਾਦੀ ਮਾਂ ਦਾ ਧੰਨ ਹੌਸਲਾ,
ਜਿਨ ਝੱਲਿਆ ਕਲੇਜੇ ਦੁੱਖ ਭਾਰਾ।

ਪੁੱਤਾਂ ਤੋਂ ਪਿਆਰੇ ਪੋਤਰੇ,
ਹੁੰਦਾ ਮੂਲ ਤੋਂ ਵਿਆਜ ਪਿਆਰਾ।

ਨੀਂਹਾਂ ਥੱਲੇ ਦੇ ਕੇ ਲਾਡਲੇ,
ਇੱਕ ਵਾਰ ਨੀ ਆਖਿਆ ਹਾਏ।

ਲਾਲਾਂ ਨੂੰ ਦੀਵਾਰ ਪੁੱਛਦੀ,
ਤੁਸੀਂ ਕਿਸ ਅੰਮੜੀ ਦੇ ਜਾਏ।

ਕੇਸਾਂ ਉੱਤੇ ਹੱਥ ਫੇਰ ਕੇ,
ਫਤਹਿ ਸਿੰਘ ਨੂੰ ਜੱਲਾਦ ਏਦਾਂ ਕਹਿੰਦਾ।

ਚੰਨਾ ! ਤੂੰ ਤਾਂ ਛਿਪ ਚੱਲਿਆ,
ਰਦਾ ਆਖ਼ਰੀ ਲਗਾਉਣਾ ਰਹਿੰਦਾ।

ਫਤਹਿ ਸਿੰਘ ਅੱਗੋਂ ਆਖਿਆ,
ਅਸੀਂ ਹੱਸ ਕੇ ਮਰਨ ਲਈ ਆਏ।

ਲਾਲਾਂ ਨੂੰ ਦੀਵਾਰ ਪੁੱਛਦੀ,
ਤੁਸੀਂ ਕਿਸ ਅੰਮੜੀ ਦੇ ਜਾਏ।

ਚੂਲੀ ਚੂਲੀ ਕਾਲਜੇ ਦਾ,
ਅਸੀਂ ਖ਼ੂਨ ਇੱਟਾਂ ਉਤੇ ਪਾਇਆ।

ਮਾਏ ! ਤੇਰੇ ਪੀਤੇ ਦੁੱਧ ਦਾ
ਸਾਥੋਂ ਗਿਆ ਨੀਂ ਹਿਸਾਬ ਚੁਕਾਇਆ।

ਮਿਲੇ ਕਿਤੇ ਮਾਤਾ ਸੁੰਦਰੀ,
ਉਹਨੂੰ ਆਖ ਦਈਂ ਪੁਰ ਦੀਏ ਵਾਏ ।

ਲਾਲਾਂ ਨੂੰ ਦੀਵਾਰ ਪੁੱਛਦੀ,
ਤੁਸੀਂ ਕਿਸ ਅੰਮੜੀ ਦੇ ਜਾਏ ।

ਮਿਲੇ ਨਾ ਮਿਸਾਲ 'ਸਫ਼ਰੀ',
ਦੇਖੀ ਦੁਨੀਆਂ ਖੋਜ ਕੇ ਸਾਰੀ ।

ਪਿਤਾ ਦਸ਼ਮੇਸ਼ ਨੇ ਜਿਹੜੀ,
ਹਾਏ ! ਸਿਰ ਉੱਤੇ ਬਿਪਤਾ ਸਹਾਰੀ ।

ਪੁੱਤਰ ਕੁਹਾ ਕੇ ਆਪਣੇ,
ਦੁਖੀ ਹਿੰਦੀਆਂ ਦੇ ਪੁੱਤ ਬਚਾਏ ।

ਲਾਲਾਂ ਨੂੰ ਦੀਵਾਰ ਪੁੱਛਦੀ,
ਤੁਸੀਂ ਕਿਸ ਅੰਮੜੀ ਦੇ ਜਾਏ ।

2. ਮਰਦਾਨੇ ਦੀ ਪੁਕਾਰ

ਮੈਨੂੰ ਰਾਕਸ਼ਾਂ ਦੇ ਫੰਧੇ ਚੋਂ ਛੁਡਾ ਦਿਓ ਬਾਬਾ ਜੀ !
ਮੇਰੀ ਜਿੰਦ ਚਲੀ ਮੇਰੀ ਜਾਨ ਚਲੀ।
ਆ ਕੇ ਕੌਡੇ ਦਾ ਕੜਾਹਾ ਠੰਡਾ ਪਾ ਦਿਓ ਬਾਬਾ ਜੀ !
ਮੇਰੀ ਜਿੰਦ ਚਲੀ ਮੇਰੀ ਜਾਨ ਚਲੀ।

ਮੰਦਾ ਕੀਤਾ ਨਾਤਾ ਮੈਂ ਗੁਰਾਂ ਦੇ ਨਾਲੋਂ ਤੋੜਿਆ।
ਆਪਣੇ ਮਹਿਬੂਬ ਨਾਲੋਂ ਮੁਖੜਾ ਮੈਂ ਮੋੜਿਆ।
ਮਿੱਟੀ ਮੇਰਿਆਂ ਗੁਨਾਹਾਂ ਦੇ ਉਤੇ ਪਾ ਦਿਓ ਬਾਬਾ ਜੀ !
ਮੇਰੀ ਜਿੰਦ ਚਲੀ ਮੇਰੀ ਜਾਨ ਚਲੀ।

ਕੌਡਾ ਮੈਨੂੰ ਤਪਦੇ ਕੜਾਹੇ ਵਿਚ ਤਲੇਗਾ।
ਜਾਨ ਮੇਰੀ ਜਾਊ ਮੇਰਾ ਵੱਸ ਵੀ ਨਾ ਚੱਲੇਗਾ।
ਘੜੀ ਔਖੀ ਬੜੀ ਆਈ ਏ ਕਟਾ ਦਿਓ ਬਾਬਾ ਜੀ !
ਮੇਰੀ ਜਿੰਦ ਚਲੀ ਮੇਰੀ ਜਾਨ ਚਲੀ।

ਕੌਡਾ ਦੇਖੇ ਮੇਰੀ ਵੱਲੇ ਡੇਲੇ ਪਿਆ ਟੱਡਦਾ।
ਜਾਪਦਾ ਏ ਅੱਜ ਮੈਨੂੰ ਜੀਉਂਦਾ ਨਹੀਂ ਛੱਡਦਾ।
ਮੈਨੂੰ 'ਮੀਰਜਾਦੀ' ਪਾਸ ਪੁਜਾ ਦਿਓ ਬਾਬਾ ਜੀ!
ਮੇਰੀ ਜਿੰਦ ਚਲੀ ਮੇਰੀ ਜਾਨ ਚਲੀ।

ਤੰਬੂ ਮੇਰੀ ਜ਼ਿੰਦਗੀ ਦਾ ਜਾਣਾ ਹੁਣੇ ਪੁੱਟਿਆ।
ਕਿੱਥੇ ਤਕਦੀਰ ਨੇ ਲਿਆ ਕੇ ਮੈਨੂੰ ਸੁੱਟਿਆ।
ਏਥੋਂ ਇੱਕ ਵਾਰੀ ਬੱਚੇ ਨੂੰ ਬਚਾ ਦਿਓ ਬਾਬਾ ਜੀ !
ਮੇਰੀ ਜਿੰਦ ਚਲੀ ਮੇਰੀ ਜਾਨ ਚਲੀ।

'ਸਫ਼ਰੀ' ਆਵਾਜ਼ ਆਈ ਸਤਿ ਕਰਤਾਰ ਦੀ।
ਰੂਹ ਮਰਦਾਨੇ ਦੀ ਸੀ ਇਸ ਤਰ੍ਹਾਂ ਪੁਕਾਰਦੀ।
ਕੌਡੇ ਰਾਕਸ਼ ਨੂੰ ਦੇਵਤਾ ਬਣਾ ਦਿਓ ਬਾਬਾ ਜੀ !
ਮੇਰੀ ਜਿੰਦ ਚਲੀ ਮੇਰੀ ਜਾਨ ਚਲੀ।

3. ਲਾਲੋ ! ਗੁਰੂ ਨਾਨਕ ਹੈ ਆਦਿ ਤੇ ਜੁਗਾਦਿ

ਲਾਲੋ ! ਗੁਰੂ ਨਾਨਕ ਹੈ ਆਦਿ ਤੇਜੁਗਾਦਿ ।
ਪੂਰੀ ਹੁੰਦੀ ਜਾਂਦੀ ਤੇਰੇ ਦਿਲ ਦੀ ਮੁਰਾਦ ।
ਭਾਗੋ ਦੀਆਂ ਪੂੜੀਆਂ ਚੋਂ ਲਹੂ ਪਿਆ ਸਿਮਦਾ ਏ,
ਕੋਧਰੇ ਦੀ ਰੋਟੀ ਵਿਚ ਦੁੱਧ ਦਾ ਸੁਆਦ ।
ਲਾਲੋ ! ਗੁਰੂ ਨਾਨਕ ਹੈ ਆਦਿ ਤੇ ਜੁਗਾਦਿ ।

ਹੱਕ ਦੀ ਕਮਾਈ ਕੀ ਨਿਹੱਕ ਦੀ ਕਮਾਈ ਹੈ ।
ਨਾਨਕ ਗੁਰੂ ਨੇ ਕਲਾ ਆਪਣੀ ਵਿਖਾਈ ਹੈ ।
ਕੋਧਰੇ ਚੋਂ ਦੁੱਧ ਮਿੱਝ ਪੂੜੀਆਂ ਚੋਂ ਡੁਲ੍ਹਦੀ ਏ,
ਰਹੇਗਾ ਅਜੂਬਾ ਸਾਰੀ ਦੁਨੀਆਂ ਨੂੰ ਯਾਦ ।
ਲਾਲੋ ! ਗੁਰੂ ਨਾਨਕ ਹੈ ਆਦਿ ਤੇ ਜੁਗਾਦਿ ।

ਪੂੰਜੀਪਤਾ ਜਿਹੜਾ ਤੂੰ ਗ਼ਰੀਬਾਂ ਤਾਈਂ ਲੁੱਟਦੈਂ,
ਰੱਬ ਦੀ ਮਨੁੱਖਤਾ ਦੇ ਗਲੇ ਨੂੰ ਤੂੰ ਘੁੱਟਦੈਂ,
ਪਾਪੀਆ ਬਗਾਨਾ ਹੱਕ ਜਿਹੜਾ ਖਾਈ ਜਾਨਾ ਏਂ,
ਕਰੀ ਜਾਨੈ ਆਪਣਾ ਜਨਮ ਬਰਬਾਦ ।
ਲਾਲੋ ! ਗੁਰੂ ਨਾਨਕ ਹੈ ਆਦਿ ਤੇ ਜੁਗਾਦਿ ।

ਬੰਦਿਆ ਧਰਮ ਰਾਜ ਲੇਖਾ ਜਦੋਂ ਮੰਗਿਆ,
ਤੈਥੋਂ ਤਾਂ ਕਚਹਿਰੀ ਵਿੱਚ ਜਾਣਾ ਵੀ ਨੀ ਖੰਘਿਆ,
ਪਾਪੀਆ ਆਖਿਰ, ਏਂਦਾਂ ਪੀੜਿਆ ਜਾਏਂਗਾ ਤੂੰ,
ਵੇਲਣੇ 'ਚ ਜੱਟ ਜਿਵੇਂ ਪੀੜਦਾ ਕਮਾਦ ।
ਲਾਲੋ ! ਗੁਰੂ ਨਾਨਕ ਹੈ ਆਦਿ ਤੇ ਜੁਗਾਦਿ ।

'ਸਫ਼ਰੀ' ਤੂੰ ਬਾਣੀ ਤੋਂ ਪਰੇਡੇ ਚਲਾ ਗਿਆ ਏਂ ।
ਤਾਹੀਉਂ ਤੇ ਭਰਾਵਾ ਖਾਂਦਾ ਠੇਡੇ ਚਲਾ ਗਿਆ ਏਂ ।
ਗੁਰਾਂ ਦੇ ਬਗ਼ੈਰ ਤੇਰੀ ਕਿਤੇ ਵੀ ਨੀ ਸੁਣੀ ਜਾਣੀ,
ਕਿਤੇ ਵੀ ਨੀ ਹੋਣੀ ਤੇਰੀ ਦਾਦ ਫਰਿਆਦ ।
ਲਾਲੋ ! ਗੁਰੂ ਨਾਨਕ ਹੈ ਆਦਿ ਤੇ ਜੁਗਾਦਿ ।

4. ਦਾਦੀ, ਸਾਹਿਬਜ਼ਾਦਿਆਂ ਨੂੰ ਤਾਕੀਦਾਂ ਕਰਦੀ ਏ

ਸੋਹਣਿਓ ! ਸੁਣਾਓ ਜਾਂਦੀ ਵਾਰ ਦੀਆਂ ਗੱਲਾਂ ।
ਸਿੱਖੀ ਤੋਂ ਬਗੈਰ ਹੋਰ ਗੱਲਾਂ ਸੱਭੇ ਝੂਠ ਬੀਬਾ !
ਭੁੱਲਿਓ ਨਾ ਸਿੱਖੀ ਦੇ ਪਿਆਰ ਦੀਆਂ ਗੱਲਾਂ ।

ਦਾਦੇ ਨੇ ਵੀ ਸੀਸ ਜਾ ਕੇ ਦਿੱਲੀ ਵਿਚ ਵਾਰਿਆ ।
ਮਤੀ ਦਾਸ ਸਤੀ ਦਾਸ ਹੌਸਲਾ ਨੀ ਹਾਰਿਆ ।
ਉਬਲਦੇ ਦੇਗੇ 'ਚ ਦਿਆਲੇ ਨੇ ਉਬਾਲ ਖਾਧੇ,
ਕਰੀ ਗਏ ਸੱਤ ਕਰਤਾਰ ਦੀਆਂ ਗੱਲਾਂ ।
ਭੁੱਲਿਓ ਨਾ ਸਿੱਖੀ ਦੇ ....

ਵੱਡੇ ਸਾਹਿਬਜ਼ਾਦੇ ਵਿੱਚ ਜੰਗ ਦੇ ਕੁਹਾਏ ਗਏ ।
ਨਨ੍ਹੇ ਨਨ੍ਹੇ ਲਾਲ ਵਿੱਚ ਨੀਹਾਂ ਦੇ ਚਿਣਾਏ ਗਏ ।
ਨੀਲੇ ਨੀਲੇ ਅੰਬਰਾਂ ਤੇ ਰੋਜ਼ ਨਿੱਤ ਹੁੰਦੀਆਂ ਨੇ,
ਦਸਵੇਂ ਪਿਤਾ ਦੇ ਪਰਵਾਰ ਦੀਆਂ ਗੱਲਾਂ ।
ਭੁੱਲਿਓ ਨਾ ਸਿੱਖੀ ਦੇ ....

ਕਲ੍ਹ ਬੀਬਾ ਅੰਮੜੀ ਨੂੰ ਨਜ਼ਰੀ ਨਾ ਆਉਗੇ ।
ਅੱਥਰੀ ਦੀਵਾਰ ਵਿੱਚ ਦੋਵੇਂ ਚਿਣੇ ਜਾਉਗੇ ।
ਜਿਹੜੀ ਕੰਧ ਵਿਚ ਬੀਬਾ ਮੁਖੜੇ ਛੁਪਾਉਣੇ ਤੁਸਾਂ ।
ਹੋਣਗੀਆਂ ਉਸੇ ਹੀ ਦੀਵਾਰ ਦੀਆਂ ਗੱਲਾਂ ।
ਭੁੱਲਿਓ ਨਾ ਸਿੱਖੀ ਦੇ ....

'ਸਫ਼ਰੀ' ਤੂੰ ਗਾਈਂ ਏਸ ਦੌਰ ਦੀਆਂ ਗੱਲਾਂ ।
ਸਰਹੰਦ ਦੀਆਂ ਗੱਲਾਂ ਚਮਕੌਰ ਦੀਆਂ ਗੱਲਾਂ ।
ਇੱਕੋ ਗੱਲ ਸਿੱਖੀ ਦੀ ਵਸਾ ਕੇ ਰੱਖ ਸੀਨੇ ਵਿੱਚ,
ਬਾਕੀ ਛੱਡ ਸਾਰੇ ਸੰਸਾਰ ਦੀਆਂ ਗੱਲਾਂ ।
ਭੁੱਲਿਓ ਨਾ ਸਿੱਖੀ ਦੇ ....

---

5. ਸੂਬਾ ਤੇ ਸਾਹਿਬਜ਼ਾਦੇ

ਸੂਬਾ ------ ਸੁਣੋ ਨਨ੍ਹਿਓ ਮਾਸੂਮੋਂ,
ਸਾਡੇ ਦੀਨ ਵਿੱਚ ਆਉ ।
ਸਾਡੀ ਗੱਲ ਮੰਨ ਜਾਉ ।
ਜਾ ਕੇ ਝੱਟ ਪੱਟ ਦਾਦੀ ਦੇ ਕਲੇਜੇ ਲੱਗ ਜਾਉ ।
ਸੁਣੋ ਨਨ੍ਹਿਓ ਮਾਸੂਮੋ................

ਸਾਹਿਬਜ਼ਾਦੇ -- ਸੁਣੋ ਜ਼ਾਲਮੋ ਜਲਾਦੋ
ਭਾਵੇਂ ਸਾਰਾ ਜ਼ੋਰ ਲਾਓ ।
ਕੰਧਾਂ ਵਿੱਚ ਵੀ ਚਿਣਾਉਣਾ,
ਤਾਂ ਵੀ ਛੇਤੀ ਨਾ ਚਿਣਾਉ ।
ਸਾਡਾ ਸਿੱਖੀ ਵਲੋਂ ਬੇਈਮਾਨੋਂ ਮੁੱਖ ਨਾ ਭੁਆਉ ।
ਅਸੀਂ ਉਡਣੇ ਭੁਝੰਗੀ ਸਾਨੂੰ ਹੱਥ ਨਾ ਲਗਾਉ ।

ਸੂਬਾ ------ ਫਤਹਿ ਸਿੰਘਾ ਅਜੇ ਤਾਂ ਤੂੰ
ਬਾਲਕ ਇਞਾਣਾ ਏਂ ।
ਪੱਥਰਾਂ ਦੇ ਭਾਰ ਥੱਲੇ,
ਹੁਣੇ ਦੱਬ ਜਾਣਾ ਏਂ ।
ਜਾਨਾਂ ਕੀਮਤੀ ਨਾ ਬੀਬਾ ਭਾੜੇ ਭੰਗ ਦੇ ਗੁਆਂਉ ।
ਜਾ ਕੇ ਝੱਟ ਪੱਟ ਦਾਦੀ ਦੇ ਕਲੇਜੇ ਲਗ ਜਾਉ ।

ਸਾਹਿਬਜ਼ਾਦੇ – ਕੌਣ ਕਹਿੰਦਾ ਸਾਨੂੰ ਪਾਪੀ
ਗੰਗੂ ਨੇ ਫੜਾਇਆ ਏ ।
ਅਸੀਂ ਤਾਂ ਸੁਨੇਹਾ ਆਪ,
ਸੂਬੇ ਨੂੰ ਘਲਾਇਆ ਏ ।
ਅਸੀਂ ਦਸਵੇਂ ਪਿਤਾ ਦੇ ਲਾਲ ਸਾਨੂੰ ਨਾ ਡੁਲਾਉ ।
ਅਸੀਂ ਉਡਣੇ ਭੁਝੰਗੀ ਸਾਨੂੰ ਹੱਥ ਨਾ ਲਗਾਉ ।

ਸੂਬਾ ------ ਨਨ੍ਹੇ ਨਨ੍ਹੇ ਲਾਲ ਜਦੋਂ,
ਸਾਹ ਵੀ ਨਾ ਲੈਣਗੇ ।
ਅੰਮੀ ਦੇ ਕਲੇਜੇ ਓਦੋਂ,
ਸੱਲ ਕਿਉਂ ਨਾ ਪੈਣਗੇ ।

ਤੁਸੀਂ ਚਾ ਅੰਮੜੀ ਦਾ ਕੋਈ ਪੂਰਾ ਕਰ ਜਾਉ ।
ਜਾ ਕੇ ਝੱਟ ਪੱਟ ਦਾਦੀ ਦੇ ਕਲੇਜੇ ਲੱਗ ਜਾਉ ।

ਸਾਹਿਬਜ਼ਾਦੇ — ਮੌਤ ਦਾ ਸੁਨੇਹਾ ਜਦੋਂ,
ਸਾਨੂੰ ਕੋਈ ਆਂਦਾ ਏ ।
ਸਾਡੇ ਪਰਿਵਾਰ ਨੂੰ ਤਾਂ
ਚਾਅ ਚੜ੍ਹ ਜਾਂਦਾ ਏ,
ਸਾਨੂੰ 'ਸਫ਼ਰੀ' ਜੀ ਛੇਤੀ ਪਾਸ ਦਾਦੇ ਦੇ ਪੁਚਾਉ ।
ਅਸੀਂ ਉਡਣੇ ਭੁਝੰਗੀ ਸਾਨੂੰ ਹੱਥ ਨਾ ਲਗਾਉ ।

ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣੇ ਜਾਣ ਦੀ ਸਜ਼ਾ ਸੁਣਾਈ ਗਈ । ਮਾਤਾ ਗੁਜਰੀ ਤੇ ਸਾਹਿਬਜ਼ਾਦੇ ਖਿੜੇ ਮੱਥੇ ਸ਼ਹੀਦੀ ਪਾ ਗਏ ਤੇ ਸਦਾ ਲਈ ਅਮਰ ਹੋ ਗਏ ।

ਸਾਹਿਬ ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਨੂੰ ਇੱਕ ਰੋਹ ਭਰਿਆ ਪੱਤਰ ਲਿਖਿਆ ਜੋ ਜ਼ਫ਼ਰਨਾਮੇ ਦੇ ਨਾਮ ਨਾਲ ਉੱਘਾ ਹੋਇਆ ਜਿਸ ਨੂੰ ਪੜ੍ਹ ਕੇ ਔਰੰਗਜ਼ੇਬ ਇਸ ਫ਼ਾਨੀ ਸੰਸਾਰ 'ਚੋਂ ਸਦਾ ਲਈ ਕੂਚ ਕਰ ਗਿਆ।

ਦਸਮ ਪਿਤਾ ਔਰੰਗਜ਼ੇਬ ਨੂੰ ਪੱਤਰ ਪਾਇਆ
ਜ਼ਫਰਨਾਮੇ ਦੇ ਨਾਮ ਨਾਲ ਜੋ ਜਗ ਮਗਾਇਆ
ਤੂੰ ਭਰਾਵਾਂ ਸੱਕਿਆਂ ਨੂੰ ਕਤਲ ਕਰਾਇਆ
ਅੰਨ੍ਹਾ ਕਰਕੇ ਪਿਉ ਨੂੰ ਤੂੰ ਰਾਜ ਕਮਾਇਆ
ਰਾਜ ਕਰਨ ਦਾ ਤੈਨੂੰ ਪਤਾ ਨੀ ਸ਼ਾਹਾ
ਤੂੰ ਦੁਨੀਆਂ ਵਿਚ ਆਣ ਕੇ ਕੀ ਖੱਟਿਆ ਲਾਹਾ

ਗਿਣੇ ਨੀ ਜਾਂਦੇ ਕਹਿਰ ਤੂੰ ਪਰਜਾ ਤੇ ਢਾਏ
ਨੰਨ੍ਹੇ ਨੰਨ੍ਹੇ ਲਾਲ ਤੂੰ ਨੀਂਹ ਵਿਚ ਚਿਣਾਏ
ਦਾਦੀ ਮੁਖੋਂ ਆਖਿਆ ਇੱਕ ਵਾਰ ਨਹੀਂ ਹਾਏ ।
ਅਮਰ ਸਦਾ ਲਈ ਹੋ ਗਏ ਜੀਤਾਂ ਦੇ ਜਾਏ
ਹੋਇਆ ਕੀ ਮਾਸੂਮ ਦੋ ਤੂੰ ਮੇਰੇ ਮਾਰੇ
ਅਜੇ ਤਾਂ ਫਨੀਅਰ ਮਾਰਦੇ ਨੇ ਲੱਖ ਫੂੰਕਾਰੇ

ਗਈ ਨਿਹੱਥੇ ਬੱਚਿਆਂ ਤੇ ਬਿਪਤਾ ਢਾਈ
ਬਾਬੇ ਦੀ ਨਹੀਂ ਬਾਤ ਉਨ੍ਹਾਂ ਨੇ ਦਿਲੋਂ ਭੁਲਾਈ
ਧੌਣ ਕੱਢ ਲਈ, ਉਨ੍ਹਾਂ ਨੀਂ ਪਰ ਧੌਣ ਨਿਵਾਈ
ਕਰਜ਼ਾ ਲਾਹ ਕੇ ਪੰਥ ਦਾ ਮੈਂ ਖੁਸ਼ੀ ਮਨਾਈ
ਨੰਨ੍ਹੇ ਬੱਚੇ ਮਾਰਨਾ ਤੈਨੂੰ ਕੌਣ ਸਿਖਾਵੇ
ਕੁੱਲ ਜ਼ਮਾਨਾ ਪਾਪੀਆ, ਤੈਨੂੰ ਫਿਟਕਾਂ ਪਾਵੇ !!

ਆ ਮੈਦਾਨ 'ਚ ਮੂਜ਼ੀਆ ਹੋ ਜਾਣ ਨਿਤਾਰੇ
ਮੈਂ ਕਬਨੇ ਆਂ ਤੇਰੇ ਨਾ ਦੋ ਹੱਥ ਕਰਾਰੇ
ਕਈ ਤੇਰੇ ਜਰਨੈਲ ਮੈਂ ਚੁਣ ਚੁਣ ਕੇ ਮਾਰੇ
ਦੇਖੀਂ ਕਿਹੜਾ ਜਿੱਤਦਾ ਤੇ ਕਿਹੜਾ ਹਾਰੇ
ਰੱਬ ਕਿਹਨਾਂ ਤੇ ਰੀਝਦਾ ਉਹ ਸਫ਼ਰੀ ਜਾਣੇ
ਮਜ਼੍ਹਬ ਕਦੇ ਨੀ ਫੈਲਦਾ ਓ ਜ਼ੋਰ ਧਗਾਣੇ।

ਗ਼ਨੀ ਖ਼ਾਨ ਤੇ ਨਬੀ ਖ਼ਾਨ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨ ਸ਼ਰਧਾਲੂ ਸਨ। ਉਹਨਾਂ ਦੋਹਾਂ ਪਠਾਣਾਂ ਨੇ ਗੁਰੂ ਸਾਹਿਬ ਦਾ ਪੂਰਾ ਪੂਰਾ ਸਾਥ ਦਿੱਤਾ। ਇੱਕ ਰਾਂਗਲੇ ਪਲੰਘ ਉੱਤੇ ਮਹਾਰਾਜ ਨੂੰ ਬਿਠਾ ਕੇ ਘੋਰ ਭਿਆਨਕ ਜੰਗਲ ਪਾਰ ਕੀਤਾ।

ਨੀ ਕਾਲ ਕਲੋਟੀ ਰਾਤੜੀਏ
ਦਸ ਕਿਤ ਵਲ ਉੱਚ ਦਾ ਪੀਰ ਗਿਆ
ਕੋਈ ਕੌਤਕ ਕਲਗੀਧਰ ਦਸੀ
ਦੁਸ਼ਮਨ ਦੀਆਂ ਫੌਜਾਂ ਚੀਰ ਗਿਆ

ਇੱਕ ਗ਼ਨੀ ਖ਼ਾਨ ਇੱਕ ਨਬੀ ਖ਼ਾਨ
ਦੋ ਸੱਚੇ ਸੁੱਚੇ ਮੁਸਲਮਾਨ
ਜਦ ਪਲੰਘ ਉਠਾਇਆ ਕੰਧਿਆਂ ਤੇ
ਲਗ ਸੁੱਤਾ ਦੇ ਗੁਰਾਂ ਤੀਰ ਗਿਆ
ਨੀ ਕਾਲ ਕਲੋਟੀ ਰਾਤੜੀਏ!

ਸਾਡਾ ਰਾਜ਼ੀ ਹੋ ਰਸੂਲ ਗਿਆ
ਸਾਡਾ ਹੱਜ ਵੀ ਹੋ ਕਬੂਲ ਗਿਆ
ਸਾਡੇ ਲਈ ਗੁਰੂ ਗੋਬਿੰਦ ਸਿੰਘ ਤਾਂ
ਕਾਅਬੇ ਦੀ ਬਣ ਤਸਵੀਰ ਗਿਆ
ਨੀ ਕਾਲ ਕਲੋਟੀ ਰਾਤੜੀਏ!

ਵਤਨਾਂ ਦਾ ਕਰਜ਼ ਚੁਕਾ ਚੱਲਿਆ
ਚਾਰੇ ਹੀ ਲਾਲ ਕੁਹਾ ਚੱਲਿਆ
ਕਰੀ ਚਾਨਣ ਦਿਸਦੇ ਅੱਖੀਆਂ ਦੇ
ਤਾਂ ਵੀ ਨੀਂ ਅੱਖੀਉਂ ਨੀਰ ਗਿਆ
ਦਸ ਕਾਲ ਕਲੋਟੀ ਰਾਤੜੀਏ!

ਉਹ ਸਫ਼ਰੀ ਸੰਤ ਸਿਪਾਹੀ ਏ

ਇੱਕ ਵਖਰੀ ਮੰਜ਼ਿਲ ਦਾ ਰਾਹੀ ਏ
ਤਿਖੇ ਕੰਡਿਆਂ ਵਿਚ ਤੁਰ ਤੁਰ ਕੇ
ਹੋ ਜਾਮਾ ਲੀਰੋ ਲੀਰ ਗਿਆ
ਨੀ ਕਾਲ ਕਲੋਟੀ ਰਾਤੜੀਏ!

ਮਹਾਰਾਜ ਭਿਆਨਕ ਜੰਗਲ ਪਾਰ ਗਏ । ਗੁਰੂ ਸੰਗਤਾਂ ਨੇ ਚੜ੍ਹਦੀਆਂ ਕਲਾਂ ਦੇ ਜੈਕਾਰੇ ਛੱਡੇ ਤੇ ਸਰਬੰਸ ਦਾਨੀ ਮਹਾਰਾਜ ਨੇ ਦੀਵਾਨ ਸਜਾਏ। ਗੁਰੂ ਸੰਗਤਾਂ ਕਲਗੀਧਰ ਮਹਾਰਾਜ ਦੀ ਉਪਮਾ ਗਾਉਂਦੀਆਂ ਇਉਂ ਸੁਣਾਈ ਦਿੰਦੀਆਂ ।

ਮੇਰਾ ਕਲਗੀਧਰ ਅਵਤਾਰ
ਸੋਭਦੀ ਹੱਥ ਨੂਰੀ ਤਲਵਾਰ
ਜਗਤ ਵਿਚ ਸਾਰੇ ਜੈ ਜੈ ਕਾਰ
ਪੰਥ ਦੀ ਚੜ੍ਹਦੀ ਕਲਾ
ਪੰਥ ਦੀ ਚੜ੍ਹਦੀ ਕਲਾ

ਕੰਘਾ ਅਤੇ ਕੇਸ, ਕੜਾ, ਕੱਛਾ ਕਿਰਪਾਨ ਹੈ ।
ਪੰਜੇ ਹੀ ਕੱਕਾਰ ਬੀਰ ਖਾਲਸੇ ਦੀ ਸ਼ਾਨ ਹੈ ।
ਚਮਕੀ ਕੇਸਗੜ੍ਹ ਤਲਵਾਰ
ਅਸੀਂ ਸਿਰ ਦੇ ਕੇ ਬਣੇ ਸਰਦਾਰ । ਪੰਥ ਦੀ ਚੜ੍ਹਦੀ ਕਲਾ ।

ਖਾਲਸੇ ਦੇ ਨਾਲ ਸਾਡਾ ਦਮ ਵਿਚ ਦਮ ਹੈ ।
ਮੌਤ ਨਾਲ ਜੂਝ ਜਾਣਾ ਖਾਲਸੇ ਦਾ ਕੰਮ ਹੈ ।
ਸਾਡਾ ਸਤਿਗੁਰ ਪਹਿਰੇਦਾਰ
ਤੇ ਸਾਡੇ ਨਾਲ ਅਜੀਤ, ਜੁਝਾਰ । ਪੰਥ ਦੀ ਚੜ੍ਹਦੀ ਕਲਾ ।

ਗੁਰੂ ਰਾਮ ਦਾਸ ਜੀ ਦਾ ਘਰ ਢਾਉਣ ਵਾਲਿਓ
ਮੂੰਹ ਦਿਉ ਮਿੱਠਿਓ ਤੇ ਦਿਲ ਦਿਉ ਕਾਲਿਓ
ਅਸੀਂ ਹੱਥ ਫੜ ਕੇ ਤਲਵਾਰ
ਮੱਸੇ ਦਾ ਦਿੱਤਾ ਮਾਮਲਾ ਤਾਰ । ਪੰਥ ਦੀ ਚੜ੍ਹਦੀ ਕਲਾ ।

ਸਫ਼ਰੀ ਹਥੇਲੀਆਂ ਤੇ ਜਾਨ ਅਸੀਂ ਧਰਾਂਗੇ
ਦੇਸ਼ ਲਈ ਜੀਆਂਗੇ ਤੇ ਦੇਸ਼ ਲਈ ਮਰਾਂਗੇ
ਬਣੇ ਜੇ ਪੰਥ ਦਾ ਕੋਈ ਗ਼ੱਦਾਰ
ਧਰਾਂਗੇ ਥੱਪੜ ਮੂੰਹ ਤੇ ਚਾਰ । ਪੰਥ ਦੀ ਚੜ੍ਹਦੀ ਕਲਾ ।

6. ਮਹਾਰਾਜਾ ਰਣਜੀਤ ਸਿੰਘ

ਉੱਠ ਸੁੱਤਿਆ ਸ਼ੇਰਾ ਜਾਗ ਜਾਗ,
ਤੇਰੀ ਬਰਸੀ ਦਾ ਦਿਨ ਆਇਆ ਏ।
ਨੈਣਾਂ ਚੋਂ ਰਾਣੀ ਜਿੰਦਾਂ ਨੇ,
ਅੱਜ ਨਿਰਾ ਲਹੂ ਵਰਸਾਇਆ ਏ।

ਖ਼ੈਬਰ ਤਿਕ ਧੁੰਮਾਂ ਪਈਆਂ ਨੇ,
ਤੇਰੀ ਰੋਹ ਭਰੀ ਤਲਵਾਰ ਦੀਆਂ।
ਜਿਹਨੂੰ ਅਟਕਲ ਨਹੀਂ ਸੀਂ ਅਟਕਣ ਦੀ,
ਤੂੰ ਅਟਕ ਤਾਈਂ ਅਟਕਾਇਆ ਏ।

ਸੀ ਪੰਜਾ ਸਾਹਿਬ ਸੀ ਪੰਜੇ ਵਿਚ,
ਨਨਕਾਣਾ ਸਾਥੋਂ ਖੁੱਸ ਗਿਆ।
ਤੇਰੀ ਮੜ੍ਹੀ ਵੀ ਸਾਡੇ ਕੋਲ ਨਹੀਂ,
ਤੇ ਡੇਰਾ ਸਾਹਿਬ ਵੀ ਰੁੱਸ ਗਿਆ।
ਖ਼ੈਬਰ ਦੀਆਂ ਖ਼ਬਰਾਂ ਕੀ ਲਈਏ,
ਲਾਹੌਰ ਵੀ ਅੱਜ ਪਰਾਇਆ ਏ।

ਉਹ ਫੂਲਾ ਸਿੰਘ ਤੇ ਹਰੀ ਸਿੰਘ,
ਕੁਲ ਰੂਹਾਂ ਨਿਖੜ ਗਈਆਂ ਨੇ,
ਤੁਰ ਗਿਆ ਜਦੋਂ ਦਾ ਸ਼ਾਮ ਸਿੰਘ,
ਵਤਨਾਂ ਤੇ ਸ਼ਾਮਾਂ ਪਈਆਂ ਨੇ।
ਤੇਰੇ ਚਮਨ ਦੇ ਖਿੜਿਆਂ ਫੁੱਲਾਂ ਤੇ,
ਕਿਨ ਅੱਗ ਦਾ ਮੀਂਹ ਵਰਸਾਇਆ ਏ।

ਐ ਮਹਾਰਾਜਾ ਰਣਜੀਤ ਸਿੰਘ,
ਪੰਜਾਬ ਤੇਰਾ ਪੰਜਾਬ ਨਹੀਂ।
ਗੁਲਸ਼ਨ ਵਿੱਚ ਫੁੱਲ ਅਨੇਕਾਂ ਨੇ,
ਪਰ ਫੁੱਲਾਂ ਉੱਤੇ ਆਬ ਨਹੀਂ।
ਅੱਜ 'ਸਫ਼ਰੀ' ਸਾਡੀਆਂ ਲਾਸ਼ਾਂ ਤੇ,
ਗਿਰਝਾਂ ਨੇ ਝੁਰਮਟ ਪਾਇਆ ਏ।

7. ਰੰਗ ਸੂਹਾ ਸੂਹਾ ਹੋਇਆ ਏ

ਚਮਕੌਰ ਗੜ੍ਹੀ ਦਾ ਸਦਕਾ ਜਾਂ,
ਸਰਹੰਦ ਦੀਆਂ ਦੀਵਾਰਾਂ ਦੀਂ ।
ਰੰਗ ਸੂਹਾ ਸੂਹਾ ਹੋਇਆ ਏ,
ਮੇਰੇ ਵਤਨ ਦੀਆਂ ਗੁਲਜ਼ਾਰਾਂ ਦਾ ।

ਨਾਵੇਂ ਗੁਰੂ ਤੇਗ਼ ਬਹਾਦਰ ਨੇ,
ਦਿੱਲੀ ਵਿਚ ਸੀਸ ਕਟਾਇਆ ਸੀ ।
ਤੇ ਮਤੀਦਾਸ ਵ਼ੀ ਤਨ ਆਪਣਾ,
ਆਰੇ ਦੇ ਨਾਲ ਚਿਰਾਇਆ ਸੀ ।
ਅਜੇ ਲਾਲ ਕਿਲ੍ਹੇ ਤੇ ਚਮਕ ਰਿਹਾ,
ਰੰਗ ਲਾਲ ਲਹੂ ਦੀਆਂ ਧਾਰਾਂ ਦਾ ।
ਰੰਗ ਸੂਹਾ ਸੂਹਾ...................

ਸਿੰਘ ਚਰਖੜੀਆਂ ਤੇ ਚੜ੍ਹ ਚੜ੍ਹ ਕੇ,
ਵ਼ੀ ਚੜ੍ਹਦੀ ਕਲਾ ਵਿਚ ਰਹਿੰਦੇ ਨੇ ।
ਕਿਤੇ ਬੰਦੋ ਬੰਦ ਕਟੀਂਦੇ ਕਿਤੇ,
ਰੰਬੀਆਂ ਨਾਲ ਖੋਪਰ ਲਹਿੰਦੇ ਨੇ ।
ਵ਼ਾਹ ਮੌਤ ਵੀ ਪਾਣੀ ਭਰਦੀ ਏ,
ਇਹਨਾਂ ਸਰ ਲੱਥਿਆਂ ਸਰਦਾਰਾਂ ਦਾ ।
ਰੰਗ ਸੂਹਾ ਸੂਹਾ...................

ਚਮਕੌਰ ਗੜ੍ਹੀ ਨੂੰ ਛੱਡ ਕੇ ਤੇ,
ਔਹ ਦਾਤਾ ! ਤੁਰਿਆ ਜਾਂਦਾ ਏ ।
ਲਾਸ਼ਾਂ ਦੀਆਂ ਲਾਸ਼ਾਂ ਪਈਆਂ ਨੇ,
ਪਿਆ ਅੰਬਰ ਫੁੱਲ ਵਰਸਾਂਦਾ ਏ ।
ਦਾਦੀ ਨੇ ਜਾਂਦੀ ਵਾਰ ਵੀ ਨਾ,
ਮੁੱਖ ਚੁੰਮਿਆ ਬਰਖ਼ੁਰਦਾਰਾਂ ਦਾ ।
ਰੰਗ ਸੂਹਾ ਸੂਹਾ...................

ਬਲੀਦਾਨੀ ਕੋਈ ਦਸ਼ਮੇਸ਼ ਜਿਹਾ,
ਨਾ ਆਵੇਗਾ ਨਾ ਆਇਆ ਹੈ ।
ਪਰਿਵਾਰ ਲੁਟਾ ਕੇ ਵੀ ਆਪਣਾ,
ਜਿਹਨੇ ਰੱਬ ਦਾ ਸ਼ੁਕਰ ਮਨਾਇਆ ਹੈ ।
ਉਹਨੇ ਸਸਤਾ ਲਹੂ ਲੁਟਾਇਆ ਏ,
ਨਹੀਂ ਪੁੱਛਿਆ ਭਾਅ ਬਾਜ਼ਾਰਾਂ ਦਾ ।
ਰੰਗ ਸੂਹਾ ਸੂਹਾ..........

ਗੁਣ ਭਾਰਤ ਮਾਤਾ ਗਾਉਂਦੀ ਰਹੂ,
'ਸਫ਼ਰੀ' ਉਸ ਸੰਤ ਸਿਪਾਹੀ ਦੇ ।
ਜੰਜੂਆਂ ਨੂੰ ਜੀਉਂਦੇ ਕਰ ਚੱਲਿਆ,
ਮੂੰਹ ਆ ਗਿਆ ਆਪ ਤਬਾਹੀ ਦੇ ।
ਮੁੜਿਆ ਨਾ ਆਪ ਇਰਾਦੇ ਤੋਂ,
ਮੂੰਹ ਮੋੜ ਗਿਆ ਤਲਵਾਰਾਂ ਦਾ ।
ਰੰਗ ਸੂਹਾ ਸੂਹਾ..........

8. ਸਿੱਖੀ ਦਾ ਰਾਹ ਆਸਾਨ ਨਹੀਂ

ਸਿੱਖੀ ਦਾ ਰਾਹ ਆਸਾਨ ਨਹੀਂ,
ਏਥੇ ਕਦਮ ਟਿਕਾਉਣਾ ਮੁਸ਼ਕਲ ਹੈ।
ਤੁਰ ਤੁਰ ਕੇ ਤਿੱਖੀਆਂ ਤੇਗ਼ਾਂ ਤੇ,
ਮੰਜ਼ਿਲ ਦਾ ਪਾਉਣਾ ਮੁਸ਼ਕਲ ਹੈ।

ਇਹ ਗੁਰ ਨਾਨਕ ਦੀ ਸਿੱਖੀ ਹੈ।
ਵਾਲੋਂ ਨਿੱਕੀ ਖੰਨਿਓਂ ਤਿੱਖੀ ਹੈ।
ਸਿਰ ਦੇ ਕੇ ਲੱਭਦੀ ਸਰਦਾਰੀ,
ਪਰ ਸਿਰ ਕਟਵਾਉਣਾ ਮੁਸ਼ਕਲ ਹੈ।
ਸਿੱਖੀ ਦਾ ਰਾਹ ਆਸਾਨ ਨਹੀਂ..........

ਸਿੱਖ ਸਬਕ ਅਨੋਖੇ ਪੜ੍ਹਦਾ ਏ।
ਸਿਰ ਕੱਟ ਜਾਂਦਾ ਧੜ ਲੜਦਾ ਏ।
ਤਾਂ ਵਾਂਗ ਦੀਪ ਸਿੰਘ ਬਾਬੇ ਦੇ,
ਇੱਕ ਸਿਰੜ ਨਿਭਾਣਾ ਮੁਸ਼ਕਲ ਹੈ।
ਸਿੱਖੀ ਦਾ ਰਾਹ ਆਸਾਨ ਨਹੀਂ...........

ਸੀ ਟੋਡਰਮਲ ਉਪਕਾਰ ਕੀਤਾ।
ਸੀ ਲਾਲਾਂ ਦਾ ਸਸਕਾਰ ਕੀਤਾ।
ਕੱਪੜਾ ਤਾਂ ਲੋਕ ਵਿਛਾ ਦੇਂਦੇ,
ਮੋਹਰਾਂ ਦਾ ਵਿਛਾਉਣਾ ਮੁਸ਼ਕਲ ਹੈ।
ਸਿੱਖੀ ਦਾ ਰਾਹ ਆਸਾਨ ਨਹੀਂ..........

ਮਤੀ ਦਾਸ ਨੇ ਇਸ਼ਕ ਕਮਾਇਆ ਸੀ।
ਸਿਰ ਨੌਵੇਂ ਗੁਰਾਂ ਦਾ ਸਾਇਆ ਸੀ।
ਆ ਥੱਲੇ ਖ਼ੂਨੀ ਆਰੇ ਦੇ,
ਹਾਂ ਸੀਸ ਚਿਰਾਉਣਾ ਮੁਸ਼ਕਲ ਹੈ।
ਸਿੱਖੀ ਦਾ ਰਾਹ ਆਸਾਨ ਨਹੀਂ..........

----

9. ਤੇਗ਼ ਦਸ਼ਮੇਸ਼ ਦੀ ਦੁਹਾਈ ਓ ਦੁਹਾਈ !!

ਤੇਗ਼ ਦਸ਼ਮੇਸ਼ ਦੀ ਦੁਹਾਈ ਓ ਦੁਹਾਈ !
ਜ਼ਾਲਮਾਂ ਦੇ ਦਲਾਂ ਉੱਤੇ ਆਫ਼ਤਾਂ ਲਿਆਈ ।
ਤੇਗ਼ ਦਸ਼ਮੇਸ਼ ਦੀ..........................

ਕੇਸਗੜ੍ਹ ਤੇਗ਼ ਦਸ਼ਮੇਸ਼ ਨੇ ਉਭਾਰੀ ।
ਪੰਜ ਸੀਸ ਸਿੰਘਾਂ ਨੇ ਕਟਾਏ ਵਾਰੋ-ਵਾਰੀ ।
ਫਤਹਿ ਦਾ ਜੈਕਾਰਾ ਜਦੋਂ ਲਾਇਆ ਬੀਰ ਖਾਲਸੇ ਨੇ,
ਮੌਤ ਨੇ ਵੀ ਮਸਾਂ ਜਾਨ ਲੁੱਕ ਕੇ ਬਚਾਈ ।
ਤੇਗ਼ ਦਸ਼ਮੇਸ਼ ਦੀ..........................

ਅੱਧੀ ਕੁ ਮਿਆਨ ਵਿਚੋਂ ਬਾਹਰ ਜਦੋਂ ਆਈ ।
ਦਸ ਲੱਖ ਵੈਰੀਆਂ ਦੀ ਫ਼ੌਜ ਘਬਰਾਈ ।
ਬੋਲਿਆ ਔਰੰਗਜ਼ੇਬ ਤੇਗ਼ ਦਸ਼ਮੇਸ਼ ਦੀ ਕਿ,
ਕਾਲਕਾ ਦੀ ਜੀਭ ਸਾਡਾ ਲਹੂ ਪੀਣ ਆਈ ।
ਤੇਗ਼ ਦਸ਼ਮੇਸ਼ ਦੀ..........................

ਪਹੁਲ ਖੰਡੇਧਾਰ ਬੰਦੇ ਬੀਰ ਨੂੰ ਪਿਲਾਈ ।
ਸੂਰਮੇਂ ਨੂੰ ਦੇਖੋ ਜੀ ਤਰੇਲੀ ਕਿੱਦਾਂ ਆਈ ।
ਮਾਰਿਆ ਵਜੀਦਾ ਸਰਹੰਦ ਸ਼ਹਿਰ ਫੂਕ ਦਿੱਤਾ,
ਇੱਟ ਨਾਲ ਗਈ ਉਹਦੀ ਇੱਟ ਖੜਕਾਈ ।
ਤੇਗ਼ ਦਸ਼ਮੇਸ਼ ਦੀ..........................

'ਸਫ਼ਰੀ' ਗੁਰਾਂ ਨੇ ਦਿੱਤੇ ਜ਼ਾਲਮਾਂ ਨੂੰ ਦੰਡ ਸੀ ।
ਹੱਥ ਵਿੱਚ, ਤੇਗ਼ ਨੂਰੀ, ਤੇਜ ਪਰਚੰਡ ਸੀ ।
ਆਏ ਬਾਈਧਾਰੀਏ ਚੰਡਾਲ ਜਦੋਂ ਟਾਕਰੇ ਤੇ,
ਚੰਡ ਚੰਡ ਰੱਖੀ ਗਈ ਚੰਡਕਾਂ ਦੀ ਜਾਈ।
ਤੇਗ਼ ਦਸ਼ਮੇਸ਼ ਦੀ ਦੁਹਾਈ ਓ ਦੁਹਾਈ !!

---

10. ਦਮ ਦਮ ਦੀ ਰਾਖੀ ਸਾਡੀ ਦਮਦਮੀ ਟਕਸਾਲ

ਦੁਸ਼ਟ ਦਮਨ ਦਸ਼ਮੇਸ਼ ਪਿਤਾ ਦਾ ਇਸ ਦੇ ਸਿਰ ਤੇ ਸਾਇਆ
ਦਸਮ ਪਿਤਾ ਨੇ ਦੀਪ ਸਿੰਘ ਨੂੰ ਹੱਥੀਂ ਸਿੰਘ ਸਜਾਇਆ
ਜ਼ਾਲਮ ਦੇ ਲਈ ਤੇਗ ਬਣੀ ਤੇ ਮਜ਼ਲੂਮਾਂ ਲਈ ਢਾਲ।
ਬੋਲੇ ਸੋ ਨਿਹਾਲ
ਸਤਿ ਸ੍ਰੀ ਅਕਾਲ।

ਬਾਬੇ ਐਸਾ ਖੰਡਾ ਵਾਹਿਆ ਲਹੂਆਂ ਦਾ ਮੀਂਹ ਵਰ੍ਹਿਆ
ਲੜਦੇ ਲੜਦੇ ਸੀਸ ਲਹਿ ਗਿਆ ਸੀਸ ਤਲੀ ਤੇ ਧਰਿਆ
ਸੀਸ ਬਿਨਾਂ ਹੀ ਧੜ ਹੀ ਕੱਲਾ ਕਰਦਾ ਗਿਆ ਕਮਾਲ।
ਬੋਲੇ ਸੋ ਨਿਹਾਲ
ਸਤਿ ਸ੍ਰੀ ਅਕਾਲ।

ਬਾਬਾ ਜੀ ਨੇ ਸੀਸ ਵਗਾਹਿਆ ਐਸੇ ਰੋਹ ਵਿਚ ਆ ਕੇ
ਹਰਿਮੰਦਰ ਪਰਕਰਮਾ ਦੇ ਵਿਚ ਸੀਸ ਡਿੱਗਾ ਸੀ ਜਾ ਕੇ
ਬੋਲ ਜ਼ਬਾਨੋਂ ਬੋਲੇ ਸੀ ਜੋ ਆਖਿਰ ਦਿੱਤੇ ਪਾਲ।
ਬੋਲੇ ਸੋ ਨਿਹਾਲ
ਸਤਿ ਸ੍ਰੀ ਅਕਾਲ।

ਦਮਦਮੀ ਟਕਸਾਲ ਤੋਂ 'ਸਫ਼ਰੀ' ਕਿਉਂ ਨਾ ਜਿੰਦੜੀ ਵਾਰਾਂ
ਇਹਦੇ ਮਗਰ ਸ਼ਹੀਦਾਂ ਦੀਆਂ ਖੜ੍ਹੀਆਂ ਕਈ ਕਤਾਰਾਂ
ਤੇਗ਼ ਬਹਾਦਰ ਮਾਤਾ ਗੁਜਰੀ ਦਸਮ ਪਿਤਾ ਦੇ ਲਾਲ।
ਬੋਲੇ ਸੋ ਨਿਹਾਲ
ਸਤਿ ਸ੍ਰੀ ਅਕਾਲ।

---

11. ਸਾਨੂੰ ਜਿੰਦ ਨਾਲੋਂ ਪੰਥ ਪਿਆਰਾ

ਪੰਥ ਦੀ ਚੜ੍ਹਦੀ ਕਲਾ ।
ਸਾਨੂੰ ਕਲਗੀਧਰ ਦਾ ਸਹਾਰਾ
ਪੰਥ ਦੀ ਚੜ੍ਹਦੀ ਕਲਾ ।

ਪਿਤਾ ਦਸ਼ਮੇਸ਼ ਨੇ ਸਜਾਇਆ ਪੰਥ ਖਾਲਸਾ
ਚੜ੍ਹਦੀ ਕਲਾ ਦੀ ਇਹਨੂੰ ਰਹੀ ਮੁਢੋਂ ਲਾਲਸਾ
ਤਪ ਦਿੱਤਾ ਤੇਜ ਦਿੱਤਾ ਖਾਲਸੇ ਨੂੰ ਰਹਿਤ ਦਿੱਤੀ
ਬਖ਼ਸ਼ਿਆ ਰੂਪ ਨਿਆਰਾ
ਪੰਥ ਦੀ ਚੜ੍ਹਦੀ ਕਲਾ............

ਗੁਰੂ ਰਾਮ ਦਾਸ ਜੀ ਦਾ ਘਰ ਢਾਹੁਣ ਵਾਲਿਓ
ਮੂੰਹ ਦਿਓ ਮਿੱਠਿਓ ਤੇ ਦਿਲ ਦਿਓ ਕਾਲਿਓ
ਅਸੀਂ ਕੱਠਾ ਕੀਤਾ ਏ ਸ਼ਹੀਦਾਂ ਦੀਆਂ ਹੱਡੀਆਂ ਨੂੰ
ਸਾਡਾ ਬਣ ਗਿਆ ਮਹਿਲ ਦੋਬਾਰਾ
ਪੰਥ ਦੀ ਚੜ੍ਹਦੀ ਕਲਾ............

ਪਿਤਾ ਦਸ਼ਮੇਸ਼ ਜੀ ਨੇ ਵਣਜ ਵਿਹਾਜਿਆ
ਪੁੱਤਰਾਂ ਦਾ ਖ਼ੂਨ ਪਾ ਕੇ ਖਾਲਸੇ ਨੂੰ ਸਾਜਿਆ
ਮਾਤਾ ਗੁਜਰੀ ਤੇ ਨਾਵੇਂ ਪਾਤਸ਼ਾਹ ਸ਼ਹੀਦ ਹੋਏ
ਸਰਬੰਸ ਵਾਰਿਆ ਸਾਰਾ
ਪੰਥ ਦੀ ਚੜ੍ਹਦੀ ਕਲਾ............

ਸੈਂਕੜੇ ਭੁਚਾਲ ਆਏ ਖਾਲਸਾ ਨਹੀਂ ਡੋਲਿਆ
ਗੁਰੂ ਫਤਿਹ, ਗੁਰੂ ਫਤਿਹ ਵਾਰ ਵਾਰ ਬੋਲਿਆ
ਲਾਸ਼ਾਂ ਦੇ ਅੰਬਾਰ ਲਗੇ 'ਸਫ਼ਰੀ' ਗਿਣੇ ਨੀਂ ਜਾਂਦੇ
ਸਾਰੀ ਦੁਨੀਆਂ ਤੇ ਸੰਕਟ ਭਾਰਾ
ਪੰਥ ਦੀ ਚੜ੍ਹਦੀ ਕਲਾ............

----

12. ਕਲਗੀਧਰ ਦੇ ਸ਼ੇਰ ਜੁਆਨਾ

ਅਗੇ ਕਦਮ ਵਧਾਈ ਜਾ
ਜਾਹ ਚੀਰਦਾ ਡੂੰਘੇ ਸਾਗਰ
ਪਰਬਤ ਪਰ੍ਹੇ ਹਟਾਈ ਜਾ।

ਪੱਤ ਕੌਮ ਦੀ ਲਹਿਣ ਨਾ ਦੇਵੀਂ
ਸਿਰ ਲਹਿੰਦਾ ਤਾਂ ਲਹਿ ਜਾਵੇ
ਜੋ ਗੁਰੂਆਂ ਸੰਘਰਸ਼ ਰਚਾਇਆ
ਮੱਤ ਅਧੂਰਾ ਰਹਿ ਜਾਵੇ
ਮੌਤ ਕੁਲਹਿਣੀ ਅੱਗੇ ਅੱਗੇ
ਥੱਪੜ ਮਾਰ ਭਜਾਈ ਜਾ।

ਤੇਗ਼ ਬਹਾਦਰ ਸਿਮਰਾਂਗੇ
ਹੁਕਮ ਪੰਥ ਦਾ ਮੰਨਾਂਗੇ
ਮਤੀ ਦਾਸ ਦੇ ਆਰੇ ਦੇ ਹੁਣ
ਖ਼ੂਨੀ ਦੰਦੇ ਭੰਨਾਂਗੇ
ਸ਼ੇਰਾ ਪੰਥ ਵਿਰੋਧੀ ਨੂੰ ਹੁਣ
ਖਖੜੀ ਵਾਗੂੰ ਖਾਈ ਜਾ।

ਮੰਨੂੰ ਅਸਾਡੀ ਦਾਤੀ ਬਣਿਆ
ਅਸੀਂ ਮੰਨੂੰ ਦੇ ਸੋਏ ਆਂ
ਪੋਟਾ ਪੋਟਾ ਧਰਤੀ ਪਿਛੇ
ਪੋਟਾ ਪੋਟਾ ਹੋਏ ਆਂ
ਬਲੀਦਾਨ ਦੀ ਹੱਦ ਕੋਈ ਨੀ
ਹੋਰ ਸ਼ਹੀਦੀਆਂ ਪਾਈ ਜਾ।

ਸਿੰਘਾਂ ਨੇ ਹੀ ਕੀਤੀ 'ਸਫ਼ਰੀ'
ਭਾਰਤ ਦੀ ਰਖਵਾਲੀ ਏ
ਸਿੰਘਾਂ ਦੇ ਹੀ ਲਾਲ ਲਹੂ ਦੀ
ਲਾਲ ਕਿਲ੍ਹੇ ਤੇ ਲਾਲੀ ਏ
ਫਤਿਹ ਹੋਏਗੀ ਆਖ਼ਿਰ ਤੇਰੀ
'ਸਫ਼ਰੀ' ਫਤਿਹ ਬੁਲਾਈ ਜਾ।

13. ਪੀਉ ਪਹੁਲ ਖੰਡੇਧਾਰ ਸਿੰਘੋ ਸਿੰਘ ਸਜ ਜਾਉ

ਨਾ ਹੀ ਡਰੋ ਕਿਸੇ ਕੋਲੋਂ ਨਾ ਹੀ ਕਿਸੇ ਨੂੰ ਡਰਾਉ
ਜਾਣਾ ਯਾਰ ਦੀ ਗਲੀ ਤਾਂ ਸੀਸ ਤਲੀ ਤੇ ਟਿਕਾਉ
ਚੜ੍ਹੋ ਫਾਂਸੀਆਂ ਤੇ ਚੜ੍ਹੋ ਵੱਟ ਮੁੱਛ ਨੂੰ ਚੜ੍ਹਾਉ
ਕੱਟੋ ਜਾਬਰਾਂ ਦੇ ਸੀਸ ਸਿੰਘੋ ਕੇਸ ਨਾ ਕਟਾਉ
ਪੀਉ ਪਹੁਲ ਖੰਡੇਧਾਰ ....

ਜਿਹੜੀ ਪਿਤਾ ਦਸ਼ਮੇਸ਼ ਜੋਤ ਸਿੱਖੀ ਦੀ ਜਗਾਈ
ਲੱਖਾਂ ਨ੍ਹੇਰੀਆਂ ਤੋਂ ਇਹ ਨਾ ਗਈ ਰੌਸ਼ਨੀ ਬੁਝਾਈ
ਸਿੰਘੋ ਤੇਲ ਦੀ ਬਜਾਏ ਰੱਤ ਇਹਦੇ ਵਿਚ ਪਾਉ
ਪੀਉ ਪਹੁਲ ਖੰਡੇਧਾਰ ....

ਕੀ ਸਿੰਘਾਂ ਦੀ ਰਜ਼ਾ ਹੈ ਕੀ ਸਿੰਘਾਂ ਦੇ ਨਿਸ਼ਾਨੇ
ਪਏ ਲਾਟਾਂ ਉਤੇ ਭੁਜਦੇ ਨੇ ਰੋਜ਼ ਪਰਵਾਨੇ
ਇਹਨਾਂ ਜਾਂਦੀਆਂ ਜੁਆਨੀਆਂ ਦਾ ਮੁੱਲ ਕੁਝ ਪਾਉ
ਪੀਉ ਪਹੁਲ ਖੰਡੇਧਾਰ..................

ਸੱਚੇ ਗੁਰੂ ਤਾਈ 'ਸਫ਼ਰੀ' ਜੀ ਪਲ ਨਾ ਵਿਸਾਰੋ
ਪੰਜ ਬਾਣੀਆਂ ਉਚਾਰੋ ਪੰਜਾਂ ਦੂਤੀਆਂ ਨੂੰ ਮਾਰੋ
ਪੰਜ ਪਹਿਨ ਕੇ ਕੱਕਾਰ ਪੰਜਾ ਮੌਤ ਨਾਲ ਪਾਉ
ਪੀਉ ਪਹੁਲ ਖੰਡੇਧਾਰ..................

14. ਸਾਕਾ ਉੱਚ ਦਾ ਪੀਰ

ਗੁਰੂ ਖਾਲਸਾ ਜੀ! ਸਰਸਾ ਕਿਨਾਰੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਉਸ ਦੇ ਜਥੇ ਨੇ ਮੁਗ਼ਲ ਸੈਨਾ ਦੇ ਬੁਰੀ ਤਰ੍ਹਾਂ ਦੰਦ ਖੱਟੇ ਕੀਤੇ। ਜਰਵਾਣੇ ਭੱਜ ਗਏ।

ਸਰਬੰਸ ਦਾਨੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਭਾਵਨਾ ਨੂੰ ਇਉਂ ਬਿਆਨ ਕੀਤਾ ਜਾ ਰਿਹਾ ਹੈ।

ਬੈਂਤ

ਸਰਸਾ ਨਦੀ ਤੇ ਬੀਤਿਆ ਇਉਂ ਭਾਣਾ
ਸਿੰਘ ਸਿੰਘਾਂ ਤੋਂ ਬੇਸ਼ੁਮਾਰ ਵਿਛੜੇ
ਦਸਮ ਪਿਤਾ ਤੋਂ ਵਿਛੜ ਗਈ ਮਾਂ ਗੁਜਰੀ
ਸੈਆਂ ਸਿੰਘ ਵਿਛੜੇ ਸੇਵਾਦਾਰ ਵਿਛੜੇ
ਫਤਿਹ ਸਿੰਘ ਤੇ ਲਾਡਲੇ ਜੋਰਾਵਰ ਤੋਂ
ਵਡੇ ਵੀਰ ਅਜੀਤ ਜੁਝਾਰ ਵਿਛੜੇ
ਮਣਾਂ ਮੂੰਹੀ ਗ੍ਰੰਥ ਤੇ ਲੱਖ ਮੋਹਰਾਂ
ਕਰਕੇ ਨਦੀ ਦੀ ਭੇਟਾ ਦਾਤਾਰ ਵਿਛੜੇ
ਐਪਰ ਆਖਿਆ ਗੁਰੂ ਗੋਬਿੰਦ ਸਿੰਘ ਨੇ
ਮੇਰਾ ਸਾਰੇ ਦਾ ਸਾਰਾ ਪਰਿਵਾਰ ਵਿਛੜੇ
ਰਖਸ਼ਾ ਗਊ ਗ਼ਰੀਬ ਦੀ ਕਰਨ ਵਾਲੀ
ਮੇਰੇ ਹੱਥੋਂ ਨਾ ਮੇਰੀ ਤਲਵਾਰ ਵਿਛੜੇ

ਸਰਸਾ ਦੇ ਕਿਨਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਮਜ਼ਬੂਤ ਇਰਾਦਿਆਂ ਦੇ ਮਾਲਿਕ ਗੁਰੂ ਕੇ ਲਾਡਲੇ ਸਿੰਘ ਖਾਲਸਾ ਪੰਥ ਦੀ ਮਹਿਮਾ ਇਉਂ ਗਾ ਰਹੇ ਹਨ।

ਖੁਦ ਪਿਤਾ ਦਸ਼ਮੇਸ਼ ਜੀ ਨੇ ਹੈ ਸਜਾਇਆ ਖਾਲਸਾ
ਜਦ ਵੀ ਆਇਆ ਵਤਨ ਦੇ ਹੀ ਕੰਮ ਆਇਆ ਖਾਲਸਾ

ਯੁੱਧ ਦੇ ਮੈਦਾਨ ਵਿਚ ਤੇਗ਼ਾਂ ਚਲਾਈਆਂ ਖਾਲਸੇ
ਜ਼ਾਲਮਾਂ ਤੋਂ ਬੱਧੀਆਂ ਢੱਗਾਂ ਛੁਡਾਈਆਂ ਖਾਲਸੇ
ਦੰਦ ਤਿੱਖੇ ਸ਼ੇਰ ਵਾਂਗੂ ਦੰਨਦਣਾਇਆ ਖਾਲਸਾ

ਖਾਲਸੇ ਮਹਿਮੂਦ ਗ਼ਜ਼ਨੀ ਵਰਗਿਆਂ ਨੂੰ ਲੁੱਟਿਆ
ਖ਼ਾਲਸੇ ਨੇ ਜੜ੍ਹੋਂ ਬੂਟਾ ਪਾਪ ਵਾਲਾ ਪੁੱਟਿਆ
ਫਾਂਸੀਆਂ ਤੇ ਲਟਕ ਕੇ ਵੀ ਮੁਸਕਰਾਇਆ ਖਾਲਸਾ

ਸਾਹਿਬ ਦੇਵ੍ਹਾਂ ਕਿਹਾ ਕਰਨੀ ਮਿਹਰਬਾਨੀ ਚਾਹੀਦੀ
ਮੇਰੀ ਵੀ ਕੋਈ ਜੱਗ ਤੇ ਦਾਤਾ ਨਿਸ਼ਾਨੀ ਚਾਹੀਦੀ
ਥਾਂ ਪੁੱਤਰ ਦੀ ਗੁਰਾਂ ਨੇ ਝੋਲੀ 'ਚ ਪਾਇਆ ਖਾਲਸਾ

ਦੇਸ਼ ਦੇ ਵਿਚ ਜਦੋ ਵੀ ਤੂਫਾਨ ਆਇਆ ਜ਼ੋਰ ਦਾ
ਖਾਲਸੇ ਨੇ ਹੱਥ ਨਹੀਉ ਛਡਿਆ ਕਮਜ਼ੋਰ ਦਾ
ਜ਼ਾਲਮਾਂ ਦਾ ਕਰ ਗਿਆ ਸਫ਼ਰੀ ਸਫਾਇਆ ਖਾਲਸ਼ਾ

ਭਿਆਨਕ ਸਰਸਾ ਦੀਆਂ ਰੋੜ੍ਹ ਛੱਲਾਂ ਨੂੰ ਪਾਰ ਕਰਦੇ ਅਨੇਕ ਸਿੰਘ ਸ਼ਹੀਦੀਆਂ ਪਾ ਗਏ । ਸਾਹਿਬ ਗੁਰੂ ਗੋਬਿੰਦ ਸਿੰਘ ਜੀ ਸੂਰਬੀਰ ਤੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਗੜ੍ਹੀ ਵੱਲ ਰੁਖ਼ ਕਰ ਗਏ । ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਕਾਲੀ ਬੋਲੀ ਰਾਤ ਦੇ ਸਮੇਂ ਗੰਗੂ ਰਸੋਈਏ ਦੇ ਨਾਲ ਉਸ ਦੇ ਪਿੰਡ ਖੇੜੀ ਵਲ ਤੁਰੇ ਜਾ ਰਹੇ ਹਨ ।

ਮਾਂ ਗੁਜਰੀ ਆਪਣੇ ਲਾਡਲਿਆਂ ਨੂੰ ਲਾਡ ਲਡਾਉਂਦੀ ਜਾਂਦੀ ਏ
ਸਰਸਾ ਵਿਚ ਸਭ ਕੁਝ ਰੋੜ੍ਹ ਕੇ ਵੀ ਉਹਦਾ ਸ਼ੁਕਰ ਮਨਾਉਂਦੀ ਜਾਂਦੀ ਏ।

ਫਤਿਹ ਸਿੰਘ ਨੂੰ ਕੰਧਾੜੇ ਉਤੇ ਚੁੱਕਿਆ ਏ
ਜ਼ੋਰਾਵਰ ਨੂੰ ਉਂਗਲ ਨਾਲ ਲਾਇਆ ਏ
ਇਹ ਮਾਂ ਹੈ ਗੁਰੂ ਗੋਬਿੰਦ ਸਿੰਘ ਦੀ
ਜਿਨ ਏਨਾ ਦਰਦ ਹੰਢਾਇਆ ਏ
ਤੇ ਸੀਸ ਗੰਜ ਵਲ ਮੂੰਹ ਕਰਕੇ ਪਈ ਸੀਸ ਨਿਵਾਉਂਦੀ ਜਾਂਦੀ ਏ।

ਜਿਹੜਾ ਚੰਦੂ ਚੰਦ ਚੜ੍ਹਾਇਆ ਸੀ
ਗੰਗੂ ਵੀ ਉਹੀ ਚੜ੍ਹਾਉਣਾ ਏ
ਉਨ ਗੁਰੂ ਅਰਜਨ ਨੂੰ ਤਾਇਆ ਸੀ
ਇਨ ਮੇਰਾ ਜਿਗਰ ਤਪਾਉਣਾ ਏ
ਕੀ ਗੁਜਰੀ ਉੱਤੇ ਗੁਜ਼ਰੇਗੀ
ਪਈ ਸੋਚ ਦੁੜਾਉਂਦੀ ਜਾਂਦੀ ਏ। **ਸਰਸਾ ਵਿਚ**..................

ਮਨਹੂਸ ਮਹੀਨਾ ਪੋਹ ਦਾ ਏ
ਕਹਿਰਾਂ ਦੀ ਉਪਰੋਂ ਸਰਦੀ ਏ
ਜੇ ਅਗਨੀ ਕਦੇ ਜਲਾਵੇ ਤਾਂ
ਅਗਨੀ ਵੀ ਠੁਰ ਠੁਰ ਕਰਦੀ ਏ
ਤੇ ਵਾਰੀ ਵਾਰੀ ਲਾਲਾਂ ਨੂੰ
ਸੀਨੇ ਨਾਲ ਲਾਉਂਦੀ ਜਾਂਦੀ ਏ । ਸਰਸਾ ਵਿਚ............
ਖੇੜੀ ਵਿਚ ਮਾਤਾ ਪੁੱਜ ਗਈ
ਬੱਚਿਆਂ ਦੇ ਮੁੱਖ ਤੇ ਖੇੜਾ ਏ
ਗੰਗੂ ਨੇ ਲਾਲ ਫੜਾ ਦਿੱਤੇ
ਦੌਲਤ ਦਾ ਝਗੜਾ ਝੇੜਾ ਏ
ਠੰਡੇ ਬੁਰਜ ਵਲ ਤੁਰੀ ਤੁਰੀ
ਗੁਰਬਾਣੀ ਗਾਉਂਦੀ ਜਾਂਦੀ ਏ । ਸਰਸਾ ਵਿਚ..............

ਸ਼ਾਮ ਦੇ ਵੇਲੇ ਮਾਤਾ ਜੀ ਨੇ ਕੀਰਤਨ ਸੋਹਿਲੇ ਦਾ ਪਾਠ ਉਚਾਰਨ ਕੀਤਾ । ਲਾਲਾਂ ਨੂੰ ਮੋਤੀ ਮਹਿਰੇ ਦਾ ਆਂਦਾ ਹੋਇਆ ਦੁੱਧ ਪਿਲਾਇਆ ਤੇ ਰੋਹ ਭਰੇ ਸ਼ਬਦਾਂ 'ਚ ਗੰਗੂ ਰਸੋਈਏ ਦਾ ਮੂੰਹ ਫਿਟਕਾਰਦੀ ਰਹੀ ।

ਪਾਪੀ ਸੂਬੇ ਪਾ ਫੜਾਏ
ਮੇਰੇ ਲਾਲ ਜ਼ਾਲਮਾ
ਇਹ ਤੂੰ ਮੰਦਾ ਕੀਤਾ
ਇਹ ਤੂੰ ਮੰਦਾ ਕੀਤਾ

ਤੈਨੂੰ ਤਰਸ ਜ਼ਰਾ ਨਾ ਆਇਆ ਹਾਏ ਜ਼ਾਲਮਾ
ਇਹ ਤੂੰ ਮੰਦਾ ਕੀਤਾ
ਇਹ ਤੂੰ ਮੰਦਾ ਕੀਤਾ

ਜ਼ਰਾ ਵੀ ਨਾ ਪਾਪੀਆ ਤੂੰ ਸੋਚਿਆ ਵਿਚਾਰਿਆ
ਸਾਡਾ ਹੀ ਤੂੰ ਦੁੱਧ ਪੀ ਕੇ ਸਾਨੂੰ ਡੰਗ ਮਾਰਿਆ
ਕਿਵੇਂ ਘੋਰ ਪਾਪ ਰੱਜ ਕੇ ਕਮਾਏ ਜ਼ਾਲਮਾ
ਇਹ ਤੂੰ ਮੰਦਾ ਕੀਤਾ
ਇਹ ਤੂੰ ਮੰਦਾ ਕੀਤਾ

ਨਨ੍ਹਿਆਂ ਮਾਸੂਮਾਂ ਨੇ ਸੀ ਤੇਰਾ ਕੀ ਵਿਗਾੜਿਆ
ਅੱਗ ਲਾ ਕੇ ਪਾਪੀਆ ਕਲੇਜਾ ਮੇਰਾ ਸਾੜਿਆ

ਸੀ ਤੂੰ ਹੱਥੀਂ ਦੋਵੇਂ ਲਾਡਲੇ ਖਿਲਾਏ ਜ਼ਾਲਮਾ
ਇਹ ਤੂੰ ਮੰਦਾ ਕੀਤਾ
ਇਹ ਤੂੰ ਮੰਦਾ ਕੀਤਾ

ਲ਼ਾਲ ਨੇ ਮਾਸੂਮ ਤਾਈਂ ਦੁੱਧ ਦੀਆਂ ਦੰਦੀਆਂ
ਸੂਬੇ ਪਾ ਫੜਾ ਕੇ ਗੱਲਾਂ ਕੀੜੀਆਂ ਤੂੰ ਮੰਦੀਆਂ
ਇਹ ਵੀ ਕਿਸੇ ਅੰਮੜੀ ਦੇ ਜਾਏ ਜ਼ਾਲਮਾ
ਇਹ ਤੂੰ ਮੰਦਾ ਕੀਤਾ
ਇਹ ਤੂੰ ਮੰਦਾ ਕੀਤਾ

ਕੋਈ ਬੰਦਾ ਬੀਰ ਸਾਡਾ ਆਏਗਾ ਵੇ ਆਏਗਾ
ਸਫ਼ਰੀ ਕਰਜ਼ ਸਣੇ ਸੂਦ ਦੇ ਚੁਕਾਏਗਾ
ਛੇਕ ਦਾਦੀ ਦੇ ਕਾਲਜੇ ਵਿਚ ਪਾਏ ਜ਼ਾਲਮਾ
ਇਹ ਤੂੰ ਮੰਦਾ ਕੀਤਾ
ਇਹ ਤੂੰ ਮੰਦਾ ਕੀਤਾ
